# ਰਵਿਦਾਸੀਆ ਧਰਮ ਦਾ ਅਨਮੋਲ ਹੀਰਾ
# ਸੰਤ ਸੁਰਿੰਦਰ ਦਾਸ ਬਾਵਾ ਜੀ


## ਪ੍ਰਕਾਸ਼ਕ

ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ,

ਜ਼ਿਲ੍ਹਾ ਜਲੰਧਰ(ਪੰਜਾਬ)



ਸਭ ਹੱਕ ਰਾਖਵੇ ਹਨ।



**ਲੇਖਕ**

ਕਾਂਸੀ ਰਾਮ ਕਲੇਰ ਜੰਡੂ ਸਿੰਘਾ(ਜਲੰਧਰ)



**ਛਪਣ ਦੀ ਗਿਣਤੀ**

5000 ਪਹਿਲਾ ਐਡੀਸ਼ਨ, 2015

5000 ਦੂਸਰਾ ਐਡੀਸ਼ਨ, 2016

**ਭੇਂਟਾ 50/ ਰੁਪਏ**

# ਨਿਸ਼ਾਨ ਸਾਹਿਬ ਰਵਿਦਾਸੀਆ ਧਰਮ

# ਰਵਿਦਾਸੀਆ ਧਰਮ ਦਾ ਅਨਮੋਲ ਹੀਰਾ
# ਸੰਤ ਸੁਰਿੰਦਰ ਦਾਸ ਬਾਵਾ ਜੀ

ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ, ਜਲੰਧਰ।

ਪ੍ਰਕਾਸ਼ਕ

**ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ,ਜ਼ਿਲ੍ਹਾ ਜਲੰਧਰ (ਪੰਜਾਬ)**

ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ।

ਲੇਖਕ:- ਕਾਂਸੀ ਰਾਮ ਕਲੇਰ ਜੰਡੂ ਸਿੰਘਾ(ਜਲੰਧਰ)

# ਰਵਿਦਾਸੀਆ ਧਰਮ ਦੇ ਨਿਯਮ

(1) ਸਾਡਾ ਰਹਿਬਰ : ਸਤਿਗੁਰੂ ਰਵਿਦਾਸ ਮਹਾਰਾਜ ਜੀ

(2) ਸਾਡਾ ਧਰਮ : ਰਵਿਦਾਸੀਆ

(3) ਸਾਡੀ ਧਾਰਮਿਕ ਪੁਸਤਕ : ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ

(4) ਸਾਡਾ ਕੌਮੀ ਨਿਸ਼ਾਨ ਸਾਹਿਬ :

(5) ਸਾਡਾ ਸੰਬੋਧਨ : ਜੈ ਗੁਰਦੇਵ

(6) ਸਾਡਾ ਮਹਾਨ ਤੀਰਥ ਅਸਥਾਨ :ਸ੍ਰੀ ਗੁਰੂ ਰਵਿਦਾਸ ਜਨਮ ਸਥਾਨ ਮੰਦਰ ਸੀਰ ਗੋਵਰਧਨਪੁਰ ਵਾਰਾਣਸੀ (ਯੂ.ਪੀ.)

(7) ਸਾਡਾ ਉਦੇਸ਼ : ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਮਾਨਵਵਾਦੀ ਵਿਚਾਰਧਾਰਾ ਦਾ ਪ੍ਰਚਾਰ। ਇਸ ਦੇ ਨਾਲ-ਨਾਲ ਮਹਾਂਰਿਸ਼ੀ ਭਗਵਾਨ ਬਾਲਮੀਕ ਜੀ, ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਕਬੀਰ ਜੀ, ਸਤਿਗੁਰੂ ਤ੍ਰਿਲੋਚਨ ਜੀ, ਸਤਿਗੁਰੂ ਸੈਨ ਜੀ ਅਤੇ ਸਤਿਗੁਰੂ ਸਧਨਾ ਜੀ ਦੀ ਮਾਨਵਵਾਦੀ ਵਿਚਾਰਧਾਰਾ ਦਾ ਪ੍ਰਚਾਰ ਕਰਨਾ।ਸਾਰੇ ਧਰਮਾਂ ਦਾ ਸਤਿਕਾਰ ਕਰਨਾ, ਮਾਨਵਤਾ ਨਾਲ ਪਿਆਰ ਕਰਨਾ ਅਤੇ ਸਦਾਚਾਰੀ ਜੀਵਨ ਬਤੀਤ ਕਰਨਾ।

# ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ
# ਜੀਵਨ ਸੰਬੰਧੀ ਮਹੱਤਵਪੂਰਨ ਤੱਥ।

ਪ੍ਰਕਾਸ਼ ਦਿਹਾੜਾ :
ਮਾਘ ਸੁਦੀ ਪੰਦ੍ਰਾਸ 1433 ਵਿਕਰਮੀ ਸੰਮਤ
ਸੰਨ 1377 ਈ.।

ਜਨਮ ਸਥਾਨ :
ਸੀਰ ਗੋਵਰਧਨਪਰ, ਬਨਾਰਸ (ਯੂ. ਪੀ.)

ਮਾਤਾ ਪਿਤਾ ਜੀ ਦੇ ਨਾਮ :
ਪਿਤਾ ਸਤਿਕਾਰਯੋਗ ਸ਼੍ਰੀਮਾਨ ਸੰਤੋਖ ਦਾਸ ਜੀ
ਮਾਤਾ ਸਤਿਕਾਰਯੋਗ ਸ਼੍ਰੀਮਤੀ ਕਲਸੀ ਦੇਵੀ ਜੀ

ਦਾਦਾ ਦਾਦੀ ਜੀ ਦੇ ਨਾਮ :

ਦਾਦਾ ਸਤਿਕਾਰਯੋਗ ਸ਼੍ਰੀਮਾਨ ਕਾਲੂ ਰਾਮ ਜੀ
ਦਾਦੀ ਸਤਿਕਾਰ ਯੋਗ ਸ਼੍ਰੀਮਤੀ ਲੱਖਪਤੀ ਜੀ

ਸੁਪਤਨੀ ਅਤੇ ਸਪੁੱਤਰਦਾ ਨਾਮ :
ਸੁਪਤਨੀ ਸਤਿਕਾਰਯੋਗ ਸ਼੍ਰੀਮਤੀ ਲੋਨਾ ਦੇਵੀ ਜੀ
ਸਪੁੱਤਰ ਸਤਿਕਾਰਯੋਗ ਸ਼੍ਰੀਮਾਨ ਵਿਜੈ ਦਾਸ ਜੀ

ਬ੍ਰਹਮਲੀਨ :
ਹਾੜ੍ਹ ਦੀ ਸੰਗਰਾਂਦ 1584 ਵਿਕਰਮੀ ਸੰਮਤ
(1528 ਈ.) ਬਨਾਰਸ ਵਿਖੇ।

# ਤਤਕਰਾ


| ਲੜੀ ਨੰ. ਵਿਸ਼ਾ | ਪੰਨਾ |
|---|---|
| 1.ਅਰਦਾਸ | 6 |
| 2.ਸਮਰਪਿਤ | 7 |
| 3.ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ ਦਾ ਸੰਖੇਪ ਇਤਿਹਾਸ | 8-13 |
| 4.ਦੋਸ਼ਬਦ | 14-18 |
| 5.1985 ਦੀ ਗੱਲ | 19-23 |
| 6.ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਦਾ ਸਿਵਲ ਹਸਪਤਾਲ ਜਾਣਾ | 24-38 |
| 7.ਸੰਤ ਸੁਰਿੰਦਰ ਦਾਸ ਬਾਵਾ ਜੀ ਦੀ ਉਸਤਤ | 39 |
| 8.ਬਜੁਰਗ ਦੀਆ ਭਾਵਨਾਵ | 40-41 |
| 9.ਸਰਵਣ ਦਾਸ ਗੁਰਾਂ ਉੱਤੇ ਵਿਸ਼ਵਾਸ | 42-46 |
| 10.ਗੀਤ | 47-48 |
| 11.ਸੰਤ ਸੁਰਿੰਦਰ ਦਾਸ ਬਾਵਾ ਜੀ | 49 |
| 12.ਸੰਤ ਸਿਪਾਹੀ ਸੰਤ ਸੁਰਿੰਦਰ ਦਾਸ ਜੀ ਬਾਵਾ ਜੀ | 50-52 |
| 13.ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਮਹਾਨ | 53-54 |
| 14.ਬੇਗਮਪੁਰ ਸ਼ਹਿਰ ਦਾ ਸੁਪਨਾ | 55 |
| 15.ਅਨਮੋਲ ਹੀਰੇ ਕੌਮ ਦੇ | 56 |
| 16.ਬਾਵਾ ਜੀ ਦੇ ਆਉਣਾ | 57 |
| 17.ਸੰਤ ਸੁਰਿੰਦਰ ਦਾਸ ਬਾਵਾ ਜੀ | 58 |
| 18.ਦੇਸ਼ ਵਿਦੇਸ਼ ਦੀ ਧਰਤੀ ਉਪਰ ਸੰਤ ਸੁਰਿੰਦਰ ਦਾਸ ਬਾਵਾ ਜੀ ਵਲੋਂ ਕੀਤਾ ਜਾ ਰਿਹਾ ਪ੍ਰਚਾਰ ਤੇ ਪ੍ਰਸਾਰ | 59-60-61 |
| 19.ਸ਼੍ਰੀ 108 ਸੰਤ ਸੁਰਿੰਦਰ ਦਾਸ ਜੀ ਵੱਲੋਂ ਰਚਿਤ ਕਵਿਤਾਵਾਂ:- | 62 |
| 20. ਰਵਿਦਾਸੀਆ ਧਰਮ ਦਾ ਐਲਾਨ | 68 |
| 21.ਰਵਿਦਾਸੀਆ ਧਰਮ | 69 |
| 22.ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ | 70 |
| 23.ਧੰਨ ਤੇਰੀ ਕਮਾਈ | 71 |
| 24.ਤੇਰੀ ਕ੍ਰਿਪਾ ਕਿਵੇਂ ਬਿਆਨ ਕਰਾਂ? | 72 |
| 25.ਜਨਮ ਅਸਥਾਨ ਮੰਦਿਰ | 73 |
| 26.ਸਤਿਗੁਰੂ ਰਵਿਦਾਸ ਜੀ ਨੇ ਗੰਗਾ ਘਾਟ ਉੱਤੇ ਪੱਥਰ ਤਰਾਏ | 74 |
| 27.ਨਵੇਂ ਸਾਲ ਦੀ ਸਭ ਨੂੰ ਵਧਾਈ ਹੋਵੇ, | 75 |
| 28. ਜਗਤਗੁਰੂ ਰਵਿਦਾਸ ਜੀ ਦੇ ਬੋਲੋ ਜੈਕਾਰੇ | 76 |
| 29.ਜਗਤਗੁਰੂ ਰਵਿਦਾਸ ਜੀ ਸੰਗਤਾਂ ਨੂੰ ਤਾਰਨ ਆਏ , | 77 |
| 30.ਜਗਤ ਗੁਰੂ ਰਵਿਦਾਸ ਜੀ ਦੀ ਕ੍ਰਿਪਾ ਹੋਈ | 78 |
| 31.ਅਨੇਕਾ ਕੌਤਕ ਦਿਖਾਏ | 79 |
| 32. ਸਥਾਪਨਾ ਦਿਵਸ | 80 |
| 33. ਰਵਿਦਾਸੀਆ ਧਰਮ ਦੀਆ ਧੂੰਮਾਂ | 81 |
| 34. ਟੌਹਰ ਵੱਖਰੀ | 82 |
| 35.ਕੌਮ ਨੂੰ ਦਲੇਰ ਬਣਾਇਆ | 83 |
| 36.ਹਰਿ ਦੇ ਝੰਡੇ | 84 |
| 37.ਜਾਗੋ ਰਵਿਦਾਸੀਓ | 85 |
| 38. ਬਾਬਾ ਪਿੱਪਲ ਦਾਸ ਜੀ ਨੇ ਨਾਮ ਦਾ ਪਿੱਪਲ ਲਾਇਆ | 86 |
| 39.ਧੰਨ ਗੁਰੂ ਸਰਵਣ ਦਾਸ ਜੀ | 87 |
| 40.ਸਤਿਗੁਰੂ ਸਰਵਣ ਦਾਸ ਜੀ | 88 |
| 41.ਉਪਮਾ ਸੰਤ ਹਰੀ ਦਾਸ ਜੀ ਮਹਾਰਾਜ | 89 |
| 42.ਸੰਤ ਗਰੀਬ ਦਾਸ ਜੀ | 90 |
| 43.ਰਵਿਦਾਸੀਆ ਧਰਮ ਹਿੱਤ ਕੀਤੇ ਜਾ ਰਹੇ ਉਪਰਾਲੇ ਵੱਖ-ਵੱਖ ਅਖਬਾਰਾਂ ਦੀ ਜ਼ੁਬਾਨੀ- | 91-95 |
| 44.ਪ੍ਰਕਾਸ਼ਿਤ ਪੁਸਤਕਾਂ | 96 |

# ਅਰਦਾਸ

ਹੱਥਲੀ ਪੁਸਤਕ ਤਿਆਰ ਕਰਦਿਆਂ ਮਨ ਵਿੱਚ ਆਪਣੇ ਆਪ ਇਕ ਖਿਆਲ ਆਉਂਦਾ ਹੈ ਕਿ ਸਤਿਗੁਰੂ ਰਵਿਦਾਸ ਜੀ ਮਹਾਰਾਜ ਇਸ ਕਲਮ ਨੂੰ ਸੋਝੀ ਬਖਸ਼ਣ ਕਿ ਮੇਰਾ ਮਨ ਇੱਧਰ ਉੱਧਰ ਨਾ ਭਟਕੇ ਕਿਧਰੇ ਕੋਈ ਈਰਖਾ ਵਾਦੀ ਜਾ ਹੰਕਾਰੀ ਸ਼ਬਦ ਨਾ ਲਿਖੇ ਜਾਣ ਸਤਿਗੁਰੂ ਜੀ ਮੇਰਾ ਸਹੀ ਮਾਰਗ ਦਰਸ਼ਨ ਕਰਨ ਤਾਂ ਕਿ ਕੁਰਾਹੇ ਪੈਣ ਤੋ ਬਚ ਸਕਾਂ।

ਸਤਿਗੁਰੂ ਜੀ ਆਪ ਦਇਆ ਦੇ ਸਾਗਰ ਹੋ ,ਗਰੀਬਾਂ ਨੂੰ ਨਿਵਾਜਣ ਵਾਲੇ ਹੋ ,ਕ੍ਰਿਪਾ ਕਰੋ ਇਸ ਕਲਮ ਨੂੰ ਸੁਮੱਤ ਬਖਸੋ ਕਿ ਜੋ ਲਿਖੇ ਸੰਖੇਪ ਲਿਖੇ,ਅਤੇ ਜਿਸ ਤੋਂ ਪ੍ਰਾਣੀ ਮਾਤਰ ਨੂੰ ਕੋਈ ਗਿਆਨ ਹਾਸਿਲ ਹੋਵੇ ਕਿਸੇ ਦੀ ਆਲੋਚਨਾ ਜਾਂ ਝੂਠੀ ਵਡਿਆਈ ਨਾ ਕਰਾ ਜੋ ਲਿਖਾਂ ਸੱਚ ਲਿਖਾਂ ਕਿਉਂਕਿ ਸੱਚ ਨੂੰ ਪ੍ਰਮਾਣ ਦੀ ਜਰੂਰਤ ਨਹੀਂ । ''ਰਵਿਦਾਸੀਆ ਧਰਮ ਦਾ ਅਨਮੋਲ ਹੀਰਾ ਸੰਤ ਸੁਰਿੰਦਰ ਦਾਸ ਬਾਵਾ ਜੀ'' ਪੁਸਤਕ ਵੀ ਇਕ ਅਜਿਹਾ ਉਪਰਾਲਾ ਹੈ ।ਉਮੀਦ ਹੈ ਕਿ ਸੰਗਤ ਇਸ ਤੋਂ ਲਾਹਾ ਲੈ ਸਕੇਗੀ । ਦਾਸ ਭੁੱਲਣਹਾਰ ਹੈ ਆਪ ਬਖਸ਼ਣਹਾਰ ਹੋ।

ਦਾਸ

ਕਾਂਸ਼ੀ ਰਾਮ ਕਲੇਰ

# ਸਮਰਪਿਤ

ਇਹ ਪੁਸਤਕ ਉਹਨਾਂ ਪੂਜਨੀਕ ਅਤੇ ਸਤਿਕਾਰਯੋਗ ਮਾਂਵਾ ਨੂੰ ਸਮਰਪਿਤ ਕੀਤੀ ਜਾਂਦੀ ਹੈ ਜਿਨ੍ਹਾਂ ਦੇ ਦਿਲ ਦੇ ਟੁਕੜੇ ਹੋਣਹਾਰ ਸਪੁੱਤਰ ਸਾਧੂ ਸੰਤ ਬਣ ਕੇ ਮਾਨਵਤਾ ਦਾ ਭਲਾ ਚਾਹੁੰਦੇ ਹੋਣ,ਆਪ ਵੀ ਨਾਮ ਜੱਪਦੇ ਹੋਣ ਅਤੇ ਦੁਨਿਆਵੀ ਲੋਕਾਂ ਨੂੰ ਵੀ ਨਾਮ ਜੱਪਣ ਦਾ ਸੰਦੇਸ਼ ਦੇਣ।

# ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ ਦਾ ਸੰਖੇਪ ਇਤਿਹਾਸ

ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ ਜ਼ਿਲ੍ਹਾ ਜਲੰਧਰ ਵਿਚ ਜਲੰਧਰ ਤੋਂ ਪਠਾਨਕੋਟ ਜਾਂਦੀ ਜਰਨੈਲੀ ਸੜਕ 'ਤੇ ਸਥਿਤ ਹੈ। ਇਸ ਅਸਥਾਨ ਦੀ ਉਸਾਰੀ ਇਥੋਂ ਦੇ ਸਰਪ੍ਰਸਤ ਰਵਿਦਾਸੀਆ ਧਰਮ ਦੇ ਅਨਮੋਲ ਹੀਰੇ ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਕਰਵਾਈ ਜਿਸ ਦਾ ਨੀਂਹ ਪੱਥਰ ਸੰਤ ਸਮਾਜ ਅਤੇ ਸੰਗਤਾਂ ਦੀ ਹਾਜ਼ਰੀ ਵਿਚ ਸਤਿਕਾਰਯੋਗ ਸ਼੍ਰੀ 108 ਸੰਤ ਬੀਬੀ ਕ੍ਰਿਸ਼ਨਾ ਦੇਵੀ ਜੀ(ਗੱਦੀਨਸ਼ੀਨ) ਡੇਰਾ ਸ਼੍ਰੀ 108 ਸੰਤ ਹਰੀਦਾਸ ਮਹਾਰਾਜ ਜੀ ਬੋਪਾਰਾਏ ਕਲਾਂ ਵਾਲਿਆਂ ਨੇ ਆਪਣੇ ਕਰ ਕਮਲਾਂ ਨਾਲ 27 ਮਾਰਚ 2014 ਨੂੰ ਰੱਖਿਆ,ਜਿਸ ਲਈ ਇਕ ਪਲਾਟ ਸ਼੍ਰੀ ਐਮ.ਡੀ.ਮੰਗਾ ਸਰਪੰਚ ਕਾਹਨਪੁਰ ਦੇ ਪਰਿਵਾਰ ਵੱਲੋਂ ਦਾਨ ਵੱਜੋਂ ਦਿੱਤਾ ਗਿਆ। ਇਸ ਸਮੇਂ ਇਲਾਕੇ ਦੀਆਂ ਸੰਗਤਾਂ ਵਿਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਸੀ। ਇਹੋ ਹੀ ਕਾਰਨ ਹੈ ਕਿ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਨਾਮਲੇਵਾ ਸੰਗਤਾਂ ਨੇ ਕਾਰ ਸੇਵਾ ਰਾਹੀਂ ਸਾਲਾਂ ਵਿਚ ਹੋਣ ਵਾਲੇ ਕੰਮ ਨੂੰ ਮਹੀਨਿਆਂ ਵਿਚ ਕਰਕੇ ਤਿਆਰ ਕੀਤਾ। ਅੱਜ ਇਸ ਅਸਥਾਨ 'ਤੇ ਦੂਰ ਦੁਰਾਡੇ ਤੋਂ  ਸੰਤ ਮਹਾਂਪੁਰਸ਼,ਸਮਾਜਿਕ ਤੇ ਧਾਰਮਿਕ ਸਭਾਵਾਂ ਜਗਤਗੁਰੂ ਰਵਿਦਾਸ ਮਹਾਰਾਜ ਜੀ ਨਾਮਲੇਵਾ ਸੰਗਤਾਂ ਪਹੁੰਚਦੀਆਂ ਹਨ। ਇੱਕ ਛੋਟੇ ਜਿਹੇ ਪਿੰਡ ਵਿਚ ਬੁਲੰਦੀਆ ਨੂੰ ਛੂੰਹਦਾ ਏਹ ਅਸਥਾਨ ਪੂਰੇ ਵਿਸ਼ਵ ਵਿਚ ਆਪਣੀਆ ਕਿਰਨਾਂ ਬਿਖੇਰ ਰਿਹਾ ਹੈ। ਸੰਗਤਾਂ ਵਿਚ ਵਧਦੇ ਹੋਏ ਪ੍ਰਚਾਰ ਅਤੇ ਪ੍ਰਸਾਰ ਨੂੰ ਦੇਖਦੇ ਹੋਏ ਯੂਰਪ ਦੀਆਂ ਸੰਗਤਾਂ ਵੱਲੋਂ ਵਲੋਂ ਇਸ ਅਸਥਾਨ ਦੇ ਸੰਸਥਾਪਕ ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਨੂੰ ਇਕ ਸਫ਼ਾਰੀ ਗੱਡੀ 01-01-15 ਨੂੰ ਭੇਂਟ ਕੀਤੀ ਗਈ,ਤਾਂ ਕਿ ਪ੍ਰਚਾਰ ਅਤੇ ਪ੍ਰਸਾਰ ਦਾ ਕੰਮ ਹੋਰ ਤੇਜ਼ ਹੋ

ਸਕੇ। ਦੋ ਮੰਜ਼ਲੀ ਵੱਡੇ ਹਾਲ ਵਿਚ ਜਗਤਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ ਨਾਮ 'ਤੇ ਇਕ ਸੰਗੀਤ ਅਕੈਡਮੀ ਖੋਲ੍ਹੀ ਗਈ ਹੈ,ਜਿਸ ਵਿਚ ਸੰਗੀਤ ਦੇ ਧਨੀ ਅਧਿਆਪਕ ਹਰਮੋਨੀਅਮ ਅਤੇ ਤਬਲੇ ਬਾਰੇ ਵਿਸ਼ੇਸ਼ ਸਿੱਖਿਆ ਦੇ ਰਹੇ ਹਨ,ਜਿਸ ਵਿਚ ਕਰੀਬ 50 ਲੜਕੇ-ਲੜਕੀਆਂ ਇਸ ਅਕੈਡਮੀ ਦਾ ਲਾਹਾ ਲੈ ਰਹੇ ਹਨ,ਅਤੇ ਇਕ ਹੋਰ ਅਕੈਡਮੀ ਪਿੰਡ ਮਦਾਰ ਵਿਖੇ ਵੀ ਚਾਲੂ ਕੀਤੀ ਗਈ ਹੈ। ਜਿਸ ਦਾ ਸਾਰਾ ਖਰਚਾ ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਵਲੋਂ ਸੰਗਤਾਂ ਦੇ ਸਹਿਯੋਗ ਸਦਕਾ ਕੀਤਾ ਜਾ ਰਿਹਾ ਹੈ। ਰਵਿਦਾਸੀਆ ਧਰਮ ਪ੍ਰਚਾਰ ਅਸਥਾਨ 'ਤੇ ਦੁਖੀਆਂ ਰੋਗੀਆਂ ਦੀ ਮਾਇਕ ਮਦਦ ਦਵਾਈਆਂ ਆਦਿ ਰਾਹੀ ਕੀਤੀ ਜਾਂਦੀ ਹੈ। ਬੇਰੁਜ਼ਗਾਰ ਬੱਚਿਆ ਨੂੰ ਸੇਧ ਦੇ ਕੇ ਵੱਖਰੇ-ਵੱਖਰੇ ਕੋਰਸਾਂ ਅਤੇ ਕਿੱਤਾ-ਮੁੱਖੀ ਕੋਰਸਾਂ ਨਾਲ ਜੋੜਿਆ ਜਾਂਦਾ ਹੈ ਅਤੇ ਆਰਥਿਕ ਸਹਾਇਤਾ ਵੀ ਕੀਤੀ ਜਾਂਦੀ ਹੈ।

ਪਿੰਡ ਕਾਹਨਪੁਰ ਵਿਖੇ ਬਾਬਾ ਪਿੱਪਲ ਦਾਸ ਜੀ ਮਹਾਰਾਜ ਬਾਲਕ ਸੰਤ ਸਰਵਣ ਦਾਸ ਜੀ ਨੂੰ ਨਾਲ ਲੈ ਕੇ ਸਭ ਤੋਂ ਪਹਿਲਾਂ ਆਏ। ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਦੇ ਪਿਤਾ ਸ਼੍ਰੀ ਗੁਰਦਾਸ ਰਾਮ ਜੀ ਤੇ ਬੀਬੀ ਗੁਰਬਚਨ ਕੌਰ ਸਤਿਗੁਰੂ ਸਰਵਣ ਦਾਸ ਜੀ ਮਹਾਰਾਜ ਜੀ ਦੇ ਸ਼ਰਧਾਲੂ ਸਨ। ਇਨ੍ਹਾਂ ਦੇ ਗ੍ਰਹਿ ਵਿਖੇ ਸਤਿਗੁਰੂ ਜੀ ਕਈ ਰਾਤਾਂ ਰੁਕੇ। ਇਕ ਸਮੇਂ 1972 ਈ: ਨੂੰ ਬੀਬੀ ਗੁਰਬਚਨ ਕੌਰ ਬਿਮਾਰ ਹੋ ਗਏ। ਡਾਕਟਰਾਂ ਨੇ ਜਵਾਬ ਦੇ ਦਿੱਤਾ। ਸਤਿਗੁਰੂ ਜੀ ਆਪ ਸੰਗਤਾਂ ਸਮੇਤ ਸਿਵਲ ਹਸਪਤਾਲ ਜਲੰਧਰ ਜਾ ਕੇ ਬੀਬੀ ਗੁਰਬਚਨ ਕੌਰ ਦੀ ਜਾਨ ਬਚਾਈ ਅਤੇ ਵਰ ਦਿੱਤਾ ਕਿ ਇਸ ਪੁੱਤਰ ਨੂੰ ਨਹੀਂ ਰੋਣਾ ਤੇਰੇ ਦੋ ਪੁੱਤਰ ਹੋਰ ਹੋਣਗੇ। ਬੀਬੀ ਜੀ ਨੇ ਉਸ ਸਮੇਂ ਹੀ ਵੱਡੇ ਸਪੁੱਤਰ ਨੂੰ ਸਤਿਗੁਰੂ ਸਰਵਣ ਦਾਸ ਜੀ ਦੇ ਚਰਨਾ ਵਿਚ ਭੇਂਟ ਕੀਤਾ।

ਸੇਵਾ ਭਾਵਨਾ ਦੀ ਗੁੜ੍ਹਤੀ ਆਪ ਜੀ ਨੂੰ ਮਾਤਾ ਪਿਤਾ ਜੀ

ਵਲੋਂ ਹੀ ਪ੍ਰਾਪਤ ਹੋਈ ਹੈ।ਆਪ ਜੀ ਦੇ ਸਤਿਕਾਰਯੋਗ ਮਾਤਾ ਪਿਤਾ ਸਤਿਗੁਰੂ ਸਰਵਣ ਦਾਸ ਜੀ ਦੇ ਅਨਿੰਨ ਭਗਤ ਸਨ ਅਤੇ ਸਤਿਗੁਰੂ ਸਰਵਣ ਦਾਸ ਜੀ ਮਹਾਰਾਜ ਦਾ ਪੂਰਾ ਆਸ਼ੀਰਵਾਦ ਆਪ ਜੀ ਦੇ ਪਿਤਾ(ਦੁਨਿਆਵੀ) ਸ਼੍ਰੀ ਗੁਰਦਾਸ ਰਾਮ ਜੀ ਨੂੰ ਪ੍ਰਾਪਤ ਸੀ। ਜਿਸ ਦੀ ਇਕ ਮਿਸਾਲ ਆਪ ਜੀ ਨੂੰ ਇੱਥੇ ਦੱਸ ਰਹੇ ਹਾਂ ਕਿ ਜਿਸ ਵਕਤ ਸੁਆਮੀ ਸਰਵਣ ਦਾਸ ਜੀ ਮਹਾਰਾਜ 11 ਜੂਨ 1972 ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ ਚੋਲਾ ਛੱਡ ਕੇ ਬ੍ਰਹਮਲੀਨ ਹੋ ਗਏ।ਸੰਸਕਾਰ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਸਨ।ਦੇਸਾਂ ਪ੍ਰਦੇਸਾਂ ਤੋਂ ਸੰਗਤਾਂ ਸਤਿਗੁਰੂ ਜੀ ਦੇ ਅੰਤਿਮ ਦਰਸ਼ਨਾ ਲਈ ਜੁੜੀਆਂ ਹੋਈਆਂ ਸਨ।ਚਿੱਖਾ ਨੂੰ ਅਗਨੀ ਭੇਂਟ ਕਰਨ ਦੀਆਂ ਤਿਆਰੀਆਂ ਸਨ।ਚਿੱਖਾ ਵਿਚ ਦੇਸੀ ਘਿਓ,ਚੰਦਨ ਦੀ ਲਕੜੀ,ਧੂਫ਼,ਠੂਠੀ,ਸਮੱਗਰੀ ਆਦਿ ਪਾਇਆ ਜਾ ਰਿਹਾ ਸੀ।ਅਗਨੀ ਭੇਂਟ ਕਰਨ ਲਈ ਅਰਦਾਸ ਸਮਾਪਤ ਹੋ ਚੁੱਕੀ ਸੀ।ਉੱਥੇ ਮੌਜੂਦ ਵਿਅਕਤੀਆ ਮੁਤਾਬਕ ਬ੍ਰਹਮਲੀਨ ਸੁਆਮੀ ਸਰਵਣ ਦਾਸ ਜੀ ਮਹਾਰਾਜ ਦੇ ਪੰਜ ਭੂਤਕ ਸਰੀਰ ਵਿਚੋਂ ਖੂਨ ਦੀਆਂ ਧਾਰਾਂ ਨਿਕਲੀਆਂ ਜੋ ਸ਼੍ਰੀ ਗੁਰਦਾਸ ਰਾਮ ਜੀ ਦੇ ਸਰੀਰ ਤੇ ਕੁਝ ਖੂਨ ਦੇ ਤੁਬਕੇ ਗਿਰੇ ਇਹ ਇੱਕ ਵਿਚਾਰਨਯੋਗ ਗੱਲ ਹੈ ਕਿ ਇਹ ਤੁਬਕੇ ਸ਼੍ਰੀ ਗੁਰਦਾਸ ਰਾਮ ਜੀ ਦੇ ਸਰੀਰ ਤੇ ਹੀ ਕਿਉਂ ਗਿਰੇ?ਤੇ ਫਿਰ...ਸਤਿਗੁਰ ਸਰਵਣ ਦਾਸ ਜੀ ਮਹਾਰਾਜ ਦੇ ਸਰੀਰਕ ਰੂਪ ਵਿਚ ਚਲੇ ਜਾਣ ਤੋਂ ਪੂਰੇ ਨੌਂ ਮਹੀਨੇ ਬਾਅਦ 14 ਮਾਰਚ 1973 ਨੂੰ ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਦਾ ਜਨਮ ਇਕ ਅਧਿਆਤਮਿਕ ਸਵਾਲ ਖੜ੍ਹਾ ਹੋ ਜਾਂਦਾ ਹੈ?

ਪੰਜ ਸਾਲ ਦੀ ਉਮਰ ਵਿਚ ਸ਼੍ਰੀ 108 ਸੰਤ ਹਰੀ ਦਾਸ ਜੀ ਮਹਾਰਾਜ ਬਾਵਾ ਜੀ ਨੂੰ ਭਗਵਾਂ ਭੇਖ ਪਹਿਨਾ ਕੇ ਸੁੱਚੀ ਪਿੰਡ ਤੋਂ ਡੇਰਾ ਬੱਲਾਂ ਲੈ ਆਏ ਸ਼੍ਰੀ 108 ਸੰਤ ਗਰੀਬ ਦਾਸ ਜੀ ਮਹਾਰਾਜ

ਜੀ ਨੇ ਵਿੱਦਿਆ ਪੜ੍ਹਾਈ।

ਸੰਤ ਸੁਰਿੰਦਰ ਦਾਸ ਬਾਵਾ ਜੀ ਦੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਤੇ ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਦੀ ਅਤੇ ਸੰਤ ਸਮਾਜ ਦੀ ਕ੍ਰਿਪਾ ਨਾਲ 30 ਜਨਵਰੀ 2010 ਈ: ਨੂੰ ਰਵਿਦਾਸੀਆ ਧਰਮ ਦਾ ਐਲਾਨ ਕੀਤਾ।ਜਿਸ ਨਾਲ ਰਵਿਦਾਸੀਆ ਕੌਮ ਨੂੰ ਵੱਖਰੀ ਪਹਿਚਾਣ ਮਿਲੀ।

ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਵਿਖੇ ਇਕ ਲਾਇਬਰੇਰੀ 'ਸਤਿਗੁਰੂ ਸਰਵਣ ਦਾਸ ਮਹਾਰਾਜ ਜੀ' ਦੀ ਯਾਦ ਵਿਚ ਬਣਾਈ ਗਈ,ਜਿਸ ਵਿਚ ਹਜ਼ਾਰਾ ਦੀ ਗਿਣਤੀ ਵਿਚ ਪੁਸਤਕਾਂ ਹਨ,ਜਿਨ੍ਹਾਂ ਵਿਚ 'ਦਲਿਤ ਇਤਿਹਾਸ' ਅਤੇ ਦਲਿਤ ਪੱਖੀ ਲਿਖਾਰੀਆ ਦੀਆ ਪੁਸਤਕਾਂ ਰੱਖੀਆ ਹਨ।ਮਹਾਨ ਗੁਰੂਆਂ, ਦੇਸ਼ਭਗਤਾਂ, ਯੋਧਿਆਂ ਅਤੇ ਸਾਹਿਤਕਾਰਾਂ ਨਾਲ ਸੰਬੰਧਿਤ ਸਾਹਿਤ ਇਸ ਲਾਇਬਰੇਰੀ ਵਿਚ ਮੌਜੂਦ ਹੈ ਇੱਥੇ ਹੀ ਬਸ ਨਹੀਂ ਡਾ ਅੰਬੇਡਕਰ ਤੇ ਹੋਰ ਵੱਖ- ਵੱਖ ਲਾਇਬਰੇਰੀਆਂ ਰਾਹੀ ਪੁੰਗਰ ਰਹੇ ਨਵੇਂ ਲਿਖਾਰੀਆ ਨੂੰ ਮੁਫਤ ਕਿਤਾਬਾ ਵੰਡੀਆ ਜਾਂਦੀਆ ਹਨ ਅਤੇ ਆਉਣ ਵਾਲੇ ਸਮੇਂ ਵਿਚ ਇਕ ਮੈਗਜ਼ੀਨ ਵੀ ਚਾਲੂ ਕੀਤਾ ਜਾ ਰਿਹਾ ਹੈ,ਜੋ ਪ੍ਰਕਿਰਿਆ ਅਧੀਨ ਹੈ।

ਵੱਧਦੀ ਹੋਈ ਸੰਗਤ ਅਤੇ ਪ੍ਰਚਾਰ ਪ੍ਰਸਾਰ ਹਿੱਤਾਂ ਨੂੰ ਧਿਆਨ ਰੱਖਦੇ ਹੋਏ ਯੂਰਪ ਦੀਆਂ ਸੰਗਤਾਂ ਵੱਲੋਂ ਸੰਗਤਾਂ ਦੀਆ ਲੋੜਾਂ ਨੂੰ ਧਿਆਨ ਰੱਖਦੇ ਹੋਏ ਇੱਕ ਨਾਲ ਲੱਗਦਾ ਪਲਾਟ ਇਸ ਸਥਾਨ ਨੂੰ ਖਰੀਦ ਕੇ ਦਿੱਤਾ ਗਿਆ।ਅੱਜ ਇਹ ਪ੍ਰਚਾਰ ਅਸਥਾਨ ਇੱਕ ਚਾਨਣ ਮੁਨਾਰਾ ਬਣ ਕੇ ਸੰਗਤਾਂ ਵਿਚ ਉਭਰ ਰਿਹਾ ਹੈ।ਇਸ ਪਾਵਨ ਸਥਾਨ ਤੇ ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਪੱਕੇ ਤੌਰ ਤੇ ਰੈਣ-ਬਸੇਰਾ ਬਣਾਇਆ ਹੋਇਆ ਹੈ ਜਿੱਥੇ ਆਪ ਖੁਦ ਨਾਮ ਜੱਪਦੇ,ਬਾਣੀ ਪੜ੍ਹਦੇ ਸੁਣਦੇ ਅਤੇ ਸੰਗਤਾਂ

ਨੂੰ ਵੀ ਅਜਿਹਾ ਕਰਨ ਲਈ ਪ੍ਰੇਰਿਤ ਕਰਦੇ। ਇਸ ਸਥਾਨ ਤੇ ਰਵਿਦਾਸੀਆ ਧਰਮ ਦੇ ਨਿਯਮਾ ਮੁਤਾਬਿਕ ਹੀ ਆਪਣੇ ਆਪ ਨੂੰ ਢਾਲ ਕੇ ਚੱਲਣਾ ਪੈਂਦਾ ਹੈ।

ਇਸ ਪ੍ਰਚਾਰ ਅਸਥਾਨ ਤੇ 'ਅੰਮ੍ਰਿਤ ਬਾਣੀ' ਭਵਨ ਉਸਾਰਿਆ ਗਿਆ ਹੈ ,ਜਿਸ ਵਿਚ ਅਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਸੁਸ਼ੋਭਿਤ ਹੈ ਜਿਸ ਦੇ ਸਵੇਰੇ-ਸ਼ਾਮ ਜਾਪ ਅਤੇ ਸਤਿਸੰਗ ਹੁੰਦੇ ਹਨ। ਹਰ ਐਤਵਾਰ ਅਤੇ ਸੰਗਰਾਂਦ 'ਤੇ ਵਿਸ਼ੇਸ ਦੀਵਾਨ ਸਜਾਏ ਜਾਂਦੇ ਹਨ ਜਿੱਥੇ ਲੋਕਾਂ ਦੀਆਂ ਮਨੋਕਾਮਨਾਵਾਂ ਪੂਰੀਆ ਹੁੰਦੀਆਂ ਹਨ। ਇਸ ਪਾਵਨ ਅਸਥਾਨ ਨੂੰ ਲੋਕ ਸ਼ਰਧਾ ਨਾਲ ਮੰਨਦੇ ਹਨ। ਰੋਜ਼ਾਨਾ ਸਵੇਰ ਤੋ ਸ਼ਾਮ ਤੱਕ ਸੰਗਤਾਂ ਦਰਸ਼ਨਾਂ ਲਈ ਆਉਂਦੀਆਂ ਹਨ। ਇਸ ਦਰਵਾਰ ਵਿਚ ਜਗਤਗੁਰੂ  ਰਵਿਦਾਸ ਜੀ ਮਹਾਰਾਜ ਅਤੇ ਸਤਿਗੁਰੂ ਸਰਵਣ ਦਾਸ ਜੀ ਮਹਾਰਾਜ ਜੀ ਦੇ ਮਿਸ਼ਨ ਦਾ ਪ੍ਰਚਾਰ ਹੁੰਦਾ ਹੈ। ਲੋਕਾਂ ਨੂੰ ਨਾਮ ਬਾਣੀ ਦੇ ਨਾਲ-ਨਾਲ ਸਮਾਜਿਕ ਕੁਰੀਤੀਆਂ ਅਤੇ ਨਸ਼ਿਆਂ,ਦਾਜ ਦੇ ਕੋਹੜ,ਸਮਾਗਮਾਂ ਵਿਚ ਵਧੇਰੇ ਖਰਚੇ,ਭਰੂਣ ਹੱਤਿਆ,ਨਿੰਦਿਆਂ-ਚੁਗਲੀ ਤੋਂ ਮੁਕਤ ਹੋਣ ਲਈ ਬੱਚਿਆਂ ਨੂੰ ਉਚੇਰੀ ਸਿਖਿਆਂ,ਬਜੁਰਗਾਂ ਦਾ ਸਤਿਕਾਰ ਕਰਨ ਲਈ ਵਿਸ਼ੇਸ਼ ਪ੍ਰਚਾਰ ਕੀਤਾ ਜਾਂਦਾ ਹੈ। ਇਹ ਪ੍ਰਚਾਰ ਅਸਥਾਨ ਸਭ ਲਈ ਖੁੱਲ੍ਹਾ ਹੈ। ਹਰ ਸੇਠ ਹਰ ਗਰੀਬ ਲਈ ਬਰਾਬਰ ਹੈ ਅਤੇ ਸਭ ਦੇ ਸਤਿਕਾਰ ਹਿੱਤ ਬਣਾਇਆ ਗਿਆ ਹੈ। ਇੱਥੇ ਕੋਈ ਊਚ ਨੀਚ ਨਹੀਂ। ਇਸ ਪ੍ਰਚਾਰ ਅਸਥਾਨ ਵਿਚ ਮਾਨਵਤਾ ਦੀ ਭਲਾਈ,ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਬੇਗਮਪੁਰ ਦੇ ਸੰਕਲਪ ਅਤੇ ਡਾ ਭੀਮ ਰਾਓ ਅੰਬੇਡਕਰ ਜੀ ਦੇ ਪੜ੍ਹੋ ਜੜੋ ਸੰਘਰਸ਼ ਕਰੋ ਦੇ ਏਜੰਡੇ ਤੇ ਹੀ ਪ੍ਰਚਾਰ ਹੁੰਦਾ ਹੈ। ਇਸ ਪ੍ਰਚਾਰ ਅਸਥਾਨ ਦੀ ਪ੍ਰਿਯਤਾ ਅੱਜ ਪੂਰੇ ਵਿਸ਼ਵ ਵਿਚ ਤੇਜ਼ੀ ਨਾਲ ਵੱਧ ਰਹੀ ਹੈ। ਜਿਸ ਨੂੰ ਸਫਲ ਬਣਾਉਣ ਲਈ ਸਮੁੱਚੀਆ ਸੰਗਤਾਂ ਦਾ

ਸਹਿਯੋਗ ਜ਼ਰੂਰੀ ਹੈ। ਰਹਿਣ ਸਹਿਣ ਅਤੇ ਲੰਗਰ ਆਦਿ ਦੀਆਂ ਵਿਵਸਥਾਵਾਂ ਹਨ।

ਇਸ ਪ੍ਰਚਾਰ ਅਸਥਾਨ 'ਤੇ ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਦਾ ਉਹ ਸੰਕਲਪ ਸਾਕਾਰ ਨਜ਼ਰ ਆ ਰਿਹਾ ਹੈ,ਜਿਸ ਬਾਰੇ ਮਹਾਰਾਜ ਜੀ ਸੋਚਿਆ ਕਰਦੇ ਸਨ ਕਿ ਜਗਤਗੁਰੂ ਰਵਿਦਾਸ ਮਹਾਰਾਜ ਜੀ ਦਾ ਘਰ-ਘਰ ਪ੍ਰਚਾਰ ਹੋਵੇ। ਇਸ ਮਹਾਨ ਕਾਰਜ ਲਈ ਸੰਤ ਸੁਰਿੰਦਰ ਦਾਸ ਬਾਵਾ ਜੀ ਦਿਨ ਰਾਤ ਇੱਕ ਕਰਦੇ ਹੋਏ ਯਤਨਸ਼ੀਲ ਹਨ। ਸਤਿਗੁਰ ਇਨ੍ਹਾਂ 'ਤੇ ਆਪਣਾ ਮਿਹਰ ਭਰਿਆ ਹੱਥ ਰੱਖਣ ਤਾਂ ਕਿ ਕੌਮੀ ਕੰਮਾਂ ਲਈ ਇਸੇ ਤਰ੍ਹਾਂ ਡਟੇ ਰਹਿਣ।

**ਕਾਂਸ਼ੀ ਰਾਮ ਕਲੇਰ ਜੰਡੂ ਸਿੰਘਾ**

# ਦੋ ਸ਼ਬਦ

## ਜਗਤਗੁਰੂ ਰਵਿਦਾਸ ਮਹਾਰਾਜ ਜੀ ਮਿਸ਼ਨ ਦੇ ਪ੍ਰਚਾਰਕ ਸੰਤ ਸੁਰਿੰਦਰ ਦਾਸ ਬਾਵਾ ਜੀ

ਰਵਿਦਾਸ ਸੋਇ ਸੂਰਾ ਭਲਾ ਜਓ ਲਰੈ ਧਰਮ ਕੇ ਹੇਤ
ਅੰਗ ਅੰਗ ਕਟ ਭੋਇ ਗਿਰੇ ਤਉ ਨਾ ਛਾਡੈ ਖੇਤ
(ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ)

ਭਾਰਤ ਦੇ ਇਤਿਹਾਸ ਵਿਚ ਮਾਨਵਤਾ ਦੇ ਭਲੇ ਹਿੱਤ ਜਗਤ ਗੁਰੂ ਰਵਿਦਾਸ ਜੀ ਮਾਹਾਰਾਜ ਜੀ ਦੀ ਮਾਨਵਤਾਵਾਦੀ ,ਪਰ ਉਪਕਾਰੀ,ਕਲਿਆਣਕਾਰੀ ਵਿਚਾਰਧਾਰਾ ਬੇਗਮਪੁਰਾ ਸ਼ਹਿਰ ਦੀ ਸਿਰਜਣਾ ਲਈ ਮਾਨਵ ਚੇਤਨਾ ਨੂੰ ਉਜਾਗਰ ਕਰਨ ਲਈ ਪਰਾਧੀਨਤਾ ਦਾ ਅਹਿਸਾਸ ਕਰਾਉਂਦੀ ਹੈ ਅਤੇ ਪ੍ਰਭੂ-ਪ੍ਰੇਮ,ਪ੍ਰਭੂ-ਭਗਤੀ ਨੂੰ ਅਨੰਦ ਦੀ ਸ਼ਿਖਰ ਤੇ ਪਹੁੰਚਾਉਂਦੀ ਹੋਈ ਸੱਚ,ਪਿਆਰ ਅਤੇ ਪ੍ਰੇਮ ਦੇ ਪਾਵਨ ਸ਼ੰਦੇਸ਼ ਨਾਲ ਵਿਸ਼ਵ ਦੇ ਕਲਿਆਣ ਦੀ ਕਾਮਨਾ ਕਰਦੀ ਹੈ। ਇਹ ਸੱਚ ਅੱਜ ਵੀ ਉਨਾ ਹੀ ਸੱਚ ਹੈ ਜਿਨਾ ਅੱਜ ਤੋ ਕਈ ਸਦੀਆਂ ਪਹਿਲਾ ਸੀ ਕਦੇ ਵੀ ਕੋਈ ਪੂਰੀ ਈਮਾਨਦਾਰੀ ਨਾਲ ਸਮਝ ਦੀ ਕਸਵੱਟੀ ਤੇ ਪਰਖ ਲਵੇ ਕਿ "ਸਤਿਗੁਰੂ ਰਵਿਦਾਸ ਜੀ ਮਾਹਾਰਾਜ ਜੀ ਦੀ ਵਿਚਾਰਧਾਰਾ ,ਉਹਨਾ ਦਾ ਮਿਸ਼ਨ ਵਿਸ਼ਵ ਭਰ ਵਿਚ ਸਭ ਤੋ ਉਤਮ ਹੈ' ਬਸ ਸਿਰਫ ਲੋੜ ਹੈ ਤਾਂ ਇਸ ਨੂੰ ਸਮਝਣ ਦੀ ,ਵੇਖਣ ਦੀ ,ਆਪਨੀ ਮਨ ਦੀ ਚੇਤਨਾ ਨੂੰ ਝੰਜੋੜਨ ਦੀ ਇਤਿਹਾਸ ਇਸ ਵਿਚਾਰਧਾਰਾ ਨੂੰ ਅਪਣੇ ਪੰਨਿਆ ਤੇ ਸਮੇਟ ਕੇ ਖੁਦ ਨੂੰ ਗੋਰਭਸ਼ਾਲੀ ਮਹਿਸੂਸ ਕਰਦਾ ਹੈ ।

ਅੱਜ ਤੋ 600 ਸਾਲ ਪਹਿਲਾ ਜੋ ਵਿਸ਼ਵ ਦੇ ਕਲਿਆਣ ਹਿਤ ਜਗਤਗੁਰੂ ਰਵਿਦਾਸ ਜੀ ਮਹਾਰਾਜ ਨੇ ਆਪਣੀ ਅੰਮ੍ਰਿਤ ਬਾਣੀ ਦੀ ਰਚਨਾ ਕਰਕੇ ਮਾਨਵੀ ਭਾਈਚਾਰੇ ਦਾ ਸ਼ੰਦੇਸ਼ ਦਿੱਤਾ ਉਸ ਤੇ ਅਮਲ ਕਰਕੇ ਬਾਵਾ ਸਾਹਿਬ ਡਾ ਅੰਬੇਡਕਰ ਜੀ ਨੇ ਭਾਰਤੀ ਸੰਵਿਧਾਨ ਦੀ ਸਿਰਜਨਾ ਕਰਕੇ ਵੰਚਿਤ ਸਮਾਜ ਨੂੰ ਮਾਨਵੀ ਅਧਿਕਾਰ ਦਿਵਾਏ ਜਿਸ ਨਾਲ ਧਾਰਮਿਕ ਅਤੇ ਰਾਜਨੀਤਕ ਚੇਤਨਾ ਆਈ

ਜਗਤਗੁਰੂ ਰਵਿਦਾਸ ਜੀ ਮਹਾਰਾਜ ਵਿਚਾਰਧਾਰਾ ਨੂੰ ਸਮਰਪਿਤ ਪਰਮ ਪੂਜਨੀਕ ਮਾਨਵਤਾ ਦੇ ਹਮਦਰਦ ਸਤਿਗੁਰ ਸਰਵਣ ਦਾਸ ਜੀ ਮਹਾਰਾਜ ਨੇ ਆਪਣਾ ਪੂਰਾ ਜੀਵਨ ਸਮਾਜਿਕ ਚੇਤਨਾ ਹਿਤ ਲਗਾ ਕੇ ਜਾਗਰਤੀ ਦੇ ਬੂਟੇ ਨੂੰ ਹਰਿਆ ਭਰਿਆ ਕੀਤਾ ਤੇ ਨਤੀਜਾ ਉਹਨਾ ਦੇ ਪੈਰੋਕਾਰਾ ਨੇ ਗੁਰੂ ਰਵਿਦਾਸ ਮਿਸ਼ਨ ਪੂਰੇ ਵਿਸ਼ਵ ਵਿੱਚ ਪਰਚਾਰਿਆ ਇਹ ਸਤਿਗੁਰੂ ਸਰਵਣ ਦਾਸ ਜੀ ਮਹਾਰਾਜ ਦੀ ਸੂਝਬੂਝ ਲੋਕ ਸੇਵਾ,ਸਮਾਜ ਚੇਤਨਾ ਦਾ ਨਤੀਜਾ ਹੀ ਹੈ ਕਿ ਅੱਜ ਰਵਿਦਾਸੀਆ ਸਮਾਜ ਬੇਗਮਪੂਰਾ ਸਹਿਰ ਦੀ ਵਿਚਾਰਧਾਰਾ ਨੂੰ ਮੁੱਖ ਰੱਖ ਕੇ ਚੱਲਣ ਦੀ ਕਾਬਲੀਅਤ ਰੱਖਦਾ ਹੈ ਇਹ ਸਤਿਗੁਰੂ ਸਰਵਣ ਦਾਸ ਜੀ ਮਹਾਰਾਜ ਦਾ ਆਸ਼ੀਰਵਾਦ ਹੀ ਹੈ ਕਿ ਸਦੀਆ ਤੋ ਵੰਚਿਤ ਸਮਾਜ ਆਪਣਾ ਧਰਮ ਅਤੇ ਪਾਵਨ ਗ੍ਰੰਥ ਬਣਾ ਕੇ ਸਵੈਮਾਣ ਦੀ ਜਿੰਦਗੀ ਜਿਉ ਰਿਹਾ ਹੈ।

ਸਤਿਗੁਰੂ ਸਰਵਣ ਦਾਸ ਜੀ ਦੇ ਆਸ਼ੀਰਵਾਦ ਸਦਕਾ ਉਹਨਾ ਦੇ ਪਰਮ ਸੇਵਕ ਮਹਾਨ ਵਿਦਵਾਨ ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਭਾਰਤੀ ਇਤਿਹਾਸ ਵਿੱਚ ਪਹਿਲੀ ਵਾਰ ਜਗਤਗੁਰੂ ਰਵਿਦਾਸ ਜੀ ਮਹਾਰਾਜ ਦਾ ਮਿਸ਼ਨ ਇਸ ਤਰ੍ਹਾ ਸਮਝਿਆ ਅਤੇ ਪਰਚਾਰਿਆ ਕਿ ਲੋਕ ਧਾਰਮਿਕ ਕ੍ਰਾਂਤੀ ਕਰਨ ਲਈ ਵਿਆਕੁਲ ਹੋ ਗਏ ਸਮਾਜਿਕ ਚੇਤਨਾ ਦੀ ਲਹਿਰ ਨੂੰ ਹੋਰ

ਤੇਜ਼ ਕੀਤਾ ।ਅਮਰ ਸ਼ਹੀਦ ਸੰਤ ਰਾਮਾਨੰਦ ਜੀ ਦੀ ਸ਼ਹਾਦਤ ਨੂੰ ਸਮਝ ਕੇ ਸਮਾਜ ਨੇ ਉਹਨਾ ਦੀ ਸ਼ਹਾਦਤ ਨੂੰ ਲੋਕ ਚੇਤਨਾ ਦਾ ਹਿੱਸਾ ਬਣਾ ਕੇ ਜਿੰਦਗੀ ਨੂੰ ਜਿਉਣ ਦੀ ਪ੍ਰੇਰਣਾ ਬਣਾ ਲਿਆ ਇਸ ਕਾਰਜ ਨੂੰ ਸ਼੍ਰੀ 108 ਸੰਤ ਸੁਰਿਦਰ ਦਾਸ ਜੀ ਬਾਵਾ ਜੀ ਨੇ ਬਾਖੂਬੀ ਨਿਭਾਇਆ ਹੈ।

ਯਾਦ ਰਹੇ ਸੰਤ ਸੁਰਿੰਦਰ ਦਾਸ ਜੀ ਬਾਵਾ ਜੀ ਦਾ ਜਨਮ ਪੰਜਾਬ ਦੇ ਜਲੰਧਰ ਸ਼ਹਿਰ ਸੁੱਚੀ ਪਿੰਡ ਵਿੱਚ 14 ਮਾਰਚ 1973 ਨੂੰ ਮਾਤਾ ਸ਼੍ਰੀਮਤੀ ਗੁਰਬਚਨ ਕੋਰ ਜੀ ਦੀ ਕੁੱਖੋ ਪਿਤਾ ਸ਼੍ਰੀ ਗੁਰਦਾਸ ਰਾਮ ਬੱਧਣ ਜੀ ਦੇ ਗ੍ਰਹਿ ਵਿਖੇ ਹੋਇਆ ਇਹ ਪਰਿਵਾਰ ਮਹਾਨ ਤਪੱਸਵੀ ਯੁੱਗ ਪੁਰਸ਼ ਮਹਾ ਮਾਨਵ ਸੰਤ ਸਤਿਗੁਰੂ ਸਰਵਣ ਦਾਸ ਜੀ ਮਹਾਰਾਜ ਦਾ ਅਨਿਨ ਸ਼ਰਧਾਲੂ ਸੀ।ਇੱਕ ਵਾਰ ਬੀਬੀ ਗੁਰਬਚਨ ਕੋਰ ਜੀ ਬਿਮਾਰ ਹੋ ਗਏ ਉਹਨਾ ਨੂੰ ਹਸਪਤਾਲ ਵਿੱਚ ਲਿਜਾਇਆ ਗਿਆ ਸਤਿਗੁਰੂ ਸਰਵਨ ਦਾਸ ਜੀ ਮਹਾਰਾਜ ਆਪਣੇ ਸ਼ਰਧਾਲੂ ਨੂੰ ਵੇਖਣ ਹਸਪਤਾਲ ਪਹੁੰਚੇ ਬੀਬੀ ਗੁਰਬਚਨ ਕੌਰ ਜੀ ਦੀ ਉਹਨਾਂ ਨੇ ਚਿੰਤਾ ਵੇਖੀ ਆਪ ਜੀ ਨੇ ਵਚਨ ਕਰ ਦਿੱਤਾ "ਬੀਬੀ ਗੁਰਬਚਨੋ ਤੂੰ ਜੀਵੇਗੀ ਪਰ ਤੇਰਾ ਇਹ ਬੱਚਾ ਨਹੀ ਬਚੇਗਾ ਇਹੀ ਪ੍ਰਮਾਤਮਾ ਦਾ ਭਾਣਾ ਹੈ ।ਪਰ ਤੇਰੇ ਅੱਗੋ ਦੋ ਬੱਚੇ ਹੋਣਗੇ ਇਹ ਸੁਣਦਿਆ ਬੀਬੀ ਗੁਰਬਚਨੋ ਨੇ ਕਿਹਾ ਮੇਰੇ ਸਤਿਗੁਰੂ ਜੀਉ ਮੇਰਾ ਵੱਡਾ ਬੱਚਾ ਤੁਹਾਡਾ ਹੋਇਆ ।ਅੱਜ ਉਹੀ ਉਹਨਾ ਦਾ ਸਪੁੱਤਰ ਸੰਤ ਸੁਰਿੰਦਰ ਦਾਸ ਜੀ ਬਾਵਾ ਜੀ ਸਤਿਗੁਰੂ ਸਰਵਣ ਦਾਸ ਜੀ ਮਹਾਰਾਜ ਦੇ ਆਸ਼ੀਰਵਾਦ ਸਦਕਾ ਜਗਤਗੁਰੂ ਰਵਿਦਾਸ ਮਿਸ਼ਨ ਨੂੰ ਚਾਰ ਚੰਨ ਲਗਾ ਰਹੇ ਨੇ ਸਤਿਗੁਰ ਸਰਵਣ ਦਾਸ ਮਹਾਰਾਜ ਜੀ ਦੇ ਚਰਨਾ ਦੀ ਧੂੜ ਸੰਤ ਸੁਰਿੰਦਰ ਦਾਸ ਬਾਵਾ ਜੀ ਦੇ ਚਿਹਰੇ ਤੇ ਨੂਰ ਬਣ ਚਮਕੀ ਕਿ ਪੂਰੀ ਦੁਨੀਆਂ ਉਹਨਾ ਦੇ ਦਰਸ਼ਣਾ ਲਈ ਵਿਆਕੁਲ ਰਹਿੰਦੀ ਹੈ ।ਸਤਿਗੁਰੂ

ਸਰਵਣ ਦਾਸ ਦੇ ਬਾਅਦ ਉਹਨਾ ਦੇ ਵਾਰਿਸ ਸਤਿਗੁਰੂ ਹਰੀ ਦਾਸ ਜੀ ਬੀਬੀ ਗੁਰਬਚਨ ਕੋਰ ਜੀ ਦੇ ਵੱਡੇ ਸਪੁੱਤਰ ਸੰਤ ਸੁਰਿੰਦਰ ਦਾਸ ਬਾਵਾ ਜੀ ਨੂੰ ਪੰਜ ਸਾਲ ਦੀ ਉਮਰ ਵਿੱਚ ਭਗਵਾਂ ਭੇਖ ਦੇ ਕੇ ਡੇਰਾ ਬੱਲਾਂ ਵਿਖੇ ਲੈ ਆਏ ਸਤਿਗੁਰੂ ਗਰੀਬ ਦਾਸ ਜੀ ਦੀ ਦੇਖ ਰੇਖ ਵਿੱਚ ਉਹਨਾ ਨੇ ਆਪਣੀ ਪੜ੍ਹਾਈ ਪੂਰੀ ਕੀਤੀ ।ਅੱਜ ਆਪ ਜੀ ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ,ਕਾਹਨਪੁਰ (ਜ਼ਿਲ੍ਹਾ ਜਲੰਧਰ) ਵਿਖੇ ਕਾਰਜਸ਼ੀਲ ਹੋ ਜਿਹਨਾਂ ਨੇ ਕਰੋੜਾਂ ਦੀ ਗਿਨਤੀ ਵਿਚ ਸਮਾਜ ਨੂੰ ਇੱਕ ਪਲੇਟ ਫਾਰਮ ਦੇਣਾ ਬਹੁਤ ਮੁਸ਼ਕਿਲ ਕਾਰਜ ਸੀ ਪਰ ਇਹ ਕਾਰਜ ਵੀ ਆਸਾਨ ਲੱਗਦਾ ਹੈ ਜਦੋ ਗੁਰੂ ਰਵਿਦਾਸ ਜੀ ਦਾ ਆਸ਼ੀਰਵਾਦ ਹੋਵੇ ਅਤੇ ਹਿੰਮਤ ਹੌਂਸਲਾ ਉੱਦਮ ਹੋਵੇ,ਲਗਨ ਹੋਵੇ, ਮਿਸ਼ਨ ਨਾਲ ਮੋਹ ਹੋਵੇ ਮਕਸਦ ਅਤੇ ਉਦੇਸ਼ ਇਕ ਹੋਵੇ ਤਾ ਮੇਹਨਤ ਨੂੰ ਫਲ ਪੈਂਦੇ ਨੇ।

ਸੰਤ ਸੁਰਿੰਦਰ ਦਾਸ ਜੀ ਬਾਵਾ ਨੇ ਆਪਣੀ ਹਰ ਜ਼ੁੰਮੇਵਾਰੀ ਨੂੰ ਬਹੁਤ ਹੀ ਵਧੀਆ ਤਰੀਕੇ ਨਾਲ ਨਿਭਾਇਆ ਉਹਨਾਂ ਨੇ ਹਰ ਪਲ ਹਰ ਘੜੀ ਜਗਤਗੁਰੂ ਰਵਿਦਾਸ ਮਿਸ਼ਨ ਅਤੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਦਾ ਫਲਸਫਾ ਹੀ ਪਰਚਾਰਿਆ ਅਤੇ ਸਰਵਣ ਦਾਸ ਜੀ ਮਹਾਰਾਜ ਦਾ ਸੰਦੇਸ਼ ਘਰ ਘਰ ਪਹੁੰਚਾਇਆ ।ਪੁਰਾਤਨ ਇਤਿਹਾਸ ਦੀਆ ਗੁੰਝਲਾ ਨੂੰ ਖੋਲਦਿਆ ਇਤਿਹਾਸਕ ਕਾਰਜ ਸਹਿਤ ਸਿਰਜਣਾ ਹੀ ਨਹੀ ਕੀਤੀ ਸਗੋ ਜਨ ਜਨ ਸਹਿਤ ਸਿਰਜਣ ਲਈ ਉਤਸ਼ਾਹਿਤ ਕੀਤਾ

ਅੱਜ ਸਾਡਾ ਸਮਾਜ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਮਹਾਰਾਜ ਅਤੇ ਰਵਿਦਾਸੀਆ ਧਰਮ ਦਾ ਨਿੱਘ ਮਾਣ ਰਿਹਾ ਹੈ ਇਹ ਸਭ ਜਗਤਗੁਰੂ ਰਵਿਦਾਸ ਜੀ ਦਾ ਆਸ਼ੀਰਵਾਦ ਅਤੇ ਗੁਰੂ ਸਰਵਣ ਦਾਸ ਜੀ ਮਹਾਰਾਜ ਦੇ ਨੂਰ ਦੀਆਂ ਹੀ ਕਿਰਨਾਂ ਨੇ ਸਮਾਜ ਜਿਸ ਦਾ ਚਾਨਣ ਮਾਣ ਰਿਹਾ ਹੈ ।ਵਿਸ਼ਵ ਭਰ ਵਿੱਚ ਹੋ ਰਿਹਾ ਪ੍ਰਚਾਰ ਉਹਨਾਂ ਦੀ ਹੀ ਪ੍ਰੇਰਨਾ ਹੈ।

ਹੱਥਲੀ ਪੁਸਤਕ 'ਰਵਿਦਾਸੀਆ ਧਰਮ ਦਾ ਅਨਮੋਲ ਹੀਰਾ ਸੰਤ ਸੁਰਿੰਦਰ ਦਾਸ ਬਾਵਾ ਜੀ' ਪ੍ਰਸਿੱਧ ਵਿਦਵਾਨ ਇਤਿਹਾਸਕਾਰ ਸ਼੍ਰੀ ਕਾਂਸ਼ੀ ਰਾਮ ਕਲੇਰ ਜੀ ਨੇ ਬੜੀ ਮਿਹਨਤ ਤੇ ਲਗਨ ਨਾਲ ਤਿਆਰ ਕੀਤੀ ਹੈ। ਜਿਸ ਵਿਚ ਜਗਤਗੁਰੂ ਰਵਿਦਾਸ ਜੀ ਮਹਾਰਾਜ,ਸਤਿਗੁਰ ਸਰਵਣ ਦਾਸ ਜੀ ਮਹਾਰਾਜ ਦੇ ਮਿਸ਼ਨ ਨੂੰ ਸਕਾਰ ਕਰ ਰਹੇ ਸੰਤ ਸੁਰਿੰਦਰ ਦਾਸ ਬਾਵਾ ਜੀ ਦੇ ਜੀਵਨ ਦੇ ਹਰ ਪਹਿਲੂ ਨੂੰ ਸੰਗਤਾਂ ਦੇ ਸਨਮੁੱਖ ਕੀਤਾ ਹੈ ਅਤੇ ਮੌਜੂਦਾਂ ਸਮੇਂ ਵਿਚ ਰਵਿਦਾਸੀਆ ਧਰਮ ਦੇ ਪ੍ਰਚਾਰ ਪ੍ਰਸਾਰ ਹਿੱਤ ਵਿਚਾਰ ਚਰਚਾ ਕੀਤੀ ਗਈ ਹੈ। ਆਸ ਕੀਤੀ ਜਾਂਦੀ ਹੈ ਕਿ ਇਸ ਕਲਮ ਤੋਂ ਰਵਿਦਾਸੀਆ ਧਰਮ ਦੇ ਪ੍ਰਚਾਰ ਪ੍ਰਸਾਰ ਹਿੱਤ ਸਾਹਿਤ ਸਿਰਜਨਾ ਵਿਚ ਵਾਧਾ ਹੁੰਦਾ ਰਹੇਗਾ। ਇਹ ਪੁਸਤਕ ਹਰ ਘਰ ਵਿਚ ਪਹੁੰਚੇ ਅਤੇ ਹਰ ਕੋਈ ਇਤਿਹਾਸ ਤੋਂ ਜਾਣੂ ਹੋਵੇ।

**ਰਾਜੇਸ਼ ਕੈਂਥ ਭਬਿਆਣਵੀ**

ਲੱਗਭਗ 1985 ਦੀ ਗੱਲ ਹੈ ਕਿ ਸਰਦੀਆਂ ਦੇ ਦਿਨ ਸਨ ਸਵੇਰ ਦੇ ਵਕਤ ਮੈ ਆਪਣੇ ਦਫਤਰ ਵਿੱਚ ਚੈਂਬਰ ਦੇ ਸਾਹਮਣੇ ਧੁੱਪੇ ਕੁਰਸੀ ਤੇ ਬੈਠਾ ਸੀ ।ਇਕ ਬਜੁਰਗ ਛੋਟੇ ਕੱਦ ਦਾ ਵਿਅਕਤੀ ਪੈਂਟ ਕੋਟ ਪਹਿਨਿਆ ਹੋਇਆ ਅਤੇ ਗਲ ਵਿੱਚ ਮਫਰਲ ਅਤੇ ਸਿਰ ਤੇ ਉੱਨ ਦੀ ਟੋਪੀ ਪਹਿਨੀ ਹੋਈ ਸੀ ।ਮੇਰੇ ਪਾਸ ਸਾਇਕਲ ਤੋਂ ਉਤਰਿਆਂ ਅਜੇ ਟਾਂਵੇ ਟਾਂਵੇ ਲੋਕ ਹੀ ਕਚਹਿਰੀ ਵਿੱਚ ਆਉਣੇ ਸ਼ੁਰੂ ਹੋਏ ਸਨ ।ਅਜੇ ਦੱਸ ਵੀ ਨਹੀ ਸਨ ਵੱਜੇ ।ਉਸ ਬਜੁਰਗ ਨੇ ਮੇਰੇ ਨਾਲ ਵਾਲੇ ਚੈਂਬਰ ਵਲ੍ਹ ਦੇਖਿਆ ਜੋ ਅੱਜੇ ਬੰਦ ਹੀ ਸੀ ਸਿੱਧਾ ਮੇਰੇ ਕੋਲ ਆ ਗਿਆ ਅਤੇ ਪੁੱਛਿਆ ਕਿ ਭਾਟੀਆ ਸਾਹਿਬ ਕਦੋਂ ਆਉਣਗੇ? ਮੈ ਉਸ ਬਜੁਰਗ ਨੂੰ ਕੋਈ ਜਵਾਬ ਦੇਣ ਤੋ ਪਹਿਲਾ ਹੀ ਪਛਾਣ ਲਿਆ ਕਿ ਇਹ ਬਜੁਰਗ ਤਾਂ ਅਕਸਰ ਡੇਰਾ ਸੱਚਖੰਡ ਬੱਲਾਂ ਜਾਂਦਾ ਰਹਿੰਦਾ ਹੈ ਅਤੇ ਸਾਡਾ ਗੁਰਭਾਈ ਹੈ।ਉਹਨਾ ਦਿਨ੍ਹਾ ਵਿੱਚ ਅੱਜ ਜਿੰਨੀ ਸੰਗਤ ਡੇਰੇ ਦੀ ਸੇਵਕ ਨਹੀਂ ਸੀ ਵੈਸੇ ਤਾਂ ਦਿਨ ਤਿਉਹਾਰ,ਮਾਘੀ ਦੇ ਮੇਲੇ ਤੇ ਅਣਗਿਣਤ ਸੰਗਤਾਂ ਜਾਂਦੀਆ ਸਨ, ਪਰ ਐਤਵਾਰ ਬਹੁਤ ਘੱਟ ਸੰਗਤ ਹੁੰਦੀ ਸੀ ।ਅੱਜ ਇਹ ਗਿਣਤੀ ਸਤਿਗੁਰੂ ਸਰਵਣ ਦਾਸ ਜੀ ਦੀ ਕ੍ਰਿਪਾ ਨਾਲ ਲੱਖਾ ਤੇ ਪਹੁੰਚ ਗਈ ਹੈ।ਉਸ ਬਜੁਰਗ ਨੇ ਵੀ ਨੇੜੇ ਹੋ ਕੇ ਗਹੁ ਨਾਲ ਮੈਨੂੰ ਤੱਕਿਆ ਤਾਂ ਥੋੜਾ ਪਹਿਚਾਣ ਗਿਆ।ਮੈਂ ਉਨਾਂ ਨੂੰ ਉਠ ਕੇ 'ਜੈ ਸੰਤਾ ਦੀ' ਕਿਹਾ ਉਹਨਾਂ ਨੇ ਵੀ ਮੈਨੂੰ ਪਿਆਰ ਦਿੱਤਾ ਅਤੇ 'ਜੈ ਸੰਤਾ ਦੀ' ਕਿਹਾ।ਮੈਂ ਉਨ੍ਹਾਂ ਨੂੰ ਦੱਸਿਆ ਕਿ ਭਾਟੀਆ ਸਾਹਿਬ ਪੂਰੇ 10 ਵਜੇ ਕਚਹਿਰੀ ਆ ਜਾਂਦੇ ਹਨ।ਆਪ ਜਦ ਤੱਕ ਚਾਹ ਪੀਓ ਮੈਂ ਚਾਹ ਲੈ ਕੇ ਆਉਂਦਾ ਹਾਂ,ਆਪਾਂ ਬੈਠਦੇ ਹਾਂ।ਉਹਨਾਂ ਨੇ ਮੈਨੂੰ ਚਾਹ ਪੀਣ ਤੋ ਇਨਕਾਰ ਕਰ ਦਿੱਤਾ ਪ੍ਰੰਤੂ ਮੇਰੇ ਪਾਸ ਹੀ ਦੂਸਰੀ ਕੁਰਸੀ ਤੇ ਬੈਠ ਗਏ।ਇਹ ਬਜੁਰਗ ਬ੍ਰਹਮ ਗਿਆਨੀ ਸੁਆਮੀ ਸਰਵਣ ਦਾਸ ਜੀ ਮਹਾਰਾਜ ਜੀ ਦੇ ਪਰਮ ਸੇਵਕ ਸੱਚੇ ਤੇ ਸੁੱਚੇ ਸ਼ਰਧਾਲੂ ਸ੍ਰੀ ਗੁਰਦਾਸ ਰਾਮ ਬੱਧਨ ਸੁੱਚੀ ਪਿੰਡ ਵਾਲੇ ਸਨ।ਉਹਨਾਂ ਨੇ ਮੈਨੂੰ ਪਿੰਡ ਪਤਾ

ਪੁੱਛਿਆ,ਬੜੇ ਖੁਸ਼ ਹੋਏ ਅਤੇ ਕਚਹਿਰੀ ਆਉਣ ਦਾ ਕਾਰਨ ਦੱਸਿਆ। ਸ਼੍ਰੀ ਹਰਕੁਲਦੀਪ ਸਿੰਘ ਜੀ ਭਾਟੀਆ ਦਾ ਚੈਂਬਰ ਮੇਰੇ ਵਕੀਲ ਸਾਹਿਬ ਦੇ ਨਾਲ ਵਾਲਾ ਚੈਂਬਰ ਸੀ,ਬਹੁਤ ਹੀ ਮਿੱਠ ਬੋਲੜੇ,ਹੱਸਮੁੱਖ ਸੁਭਾਅ ਦੇ ਬਜੁਰਗ ਵਕੀਲ ਜਿਨ੍ਹਾਂ ਦੇ ਅਕਸਰ ਪੈਰੀ ਹੱਥ ਲਾ ਕੇ ਹੀ ਬੁਲਾਇਆ ਕਰਦਾ ਸੀ ਅਤੇ ਉਹ ਵੀ ਖਿੜ ਕੇ ਮੈਨੂੰ ਪਿਆਰ ਦਿੰਦੇ। ਕੋ-ਅਪ੍ਰੇਟਿਵ ਸੋਸਾਇਟੀਆਂ ਦੇ ਕੇਸਾਂ ਦੇ ਤਜਰਬੇਕਾਰ ਵਕੀਲ ਸਨ। ਸ਼੍ਰੀ ਗੁਰਦਾਸ ਰਾਮ ਜੀ ਵੀ ਪਿੰਡ ਦੇ ਕਿਸੇ ਸਾਂਝੇ ਅਜਿਹੇ ਕੰਮ ਵਿੱਚ ਹੀ ਸਲਾਹ ਮਸ਼ਵਰਾ ਕਰਨ ਆਏ ਸਨ। ਜਦ ਨੂੰ ਵਕੀਲ ਸਾਹਿਬ ਨੂੰ ਸਾਹਮਣੇ ਦੇਖ ਕੇ ਸ਼੍ਰੀ ਗੁਰਦਾਸ ਰਾਮ ਜੀ ਚਲ ਪਏ ਅਤੇ ਮੈਨੂੰ ਦੁਬਾਰਾ ਵਾਪਿਸ ਆਉਣ ਦਾ ਵਾਅਦਾ ਕਰ ਗਏ। ਕਚਹਿਰੀ ਦਾ ਕੰਮ ਸ਼ੁਰੂ ਹੋ ਗਿਆ ਅਤੇ ਮੁਕੱਦਮਿਆਂ ਦੀਆਂ ਧਿਰਾਂ ਨੂੰ ਅਵਾਜਾਂ ਪੈਣ ਲੱਗ ਪਈਆ। ਉਸ ਵਕਤ ਨਵੀਂ ਕਚਹਿਰੀ ਪੁਰਾਣੀ ਥਾਂ ਸੀ ਅਤੇ ਬਾਹਰ ਨਹੀਂ ਸੀ ਬਣੀ। ਉਥੇ ਸਿਰਫ ਸ਼ੈਸ਼ਨ ਜੱਜ ਸਾਹਿਬ ਦੀ ਹੀ ਅਦਾਲਤ ਹੁੰਦੀ ਸੀ। ਬਾਅਦ ਦੁਪਹਿਰ ਮੈ ਵੀ ਸਾਰੇ ਕੇਸ ਭੁਗਤ ਕੇ ਤਾਰੀਖਾਂ ਲੈ ਕੇ ਵਿਹਲਾ ਹੋ ਚੁੱਕਾ ਸੀ ਅਤੇ ਸ਼੍ਰੀ ਗੁਰਦਾਸ ਰਾਮ ਜੀ ਵੀ ਵਿਹਲੇ ਹੋ ਕੇ ਮੇਰੇ ਪਾਸ ਆ ਗਏ। ਮੇਰੇ ਵਕੀਲ ਸ਼੍ਰੀ ਆਰ ਸੀ ਪਾਲ ਰਿਟਾਇਰਡ ਜੱਜ ਸਾਹਿਬ ਜਦੋਂ ਵੀ ਮੈਂ ਕਿਸੇ ਨਿੱਜੀ ਵਿਅਕਤੀ ਨਾਲ ਬੈਠਾ ਗੱਲਬਾਤ ਕਰਦਾ ਸੀ ਤਾਂ ਮੈਨੂੰ ਕਦੇ ਵੀ ਨਰਾਜ਼ ਨਹੀਂ ਸਨ ਹੁੰਦੇ। ਉਹ ਜਾਣੂੰ ਸਨ ਕਿ ਇਸਨੇ ਆਪਣਾ ਸਾਰਾ ਕੰਮ ਖੁਦ ਹੀ ਕਰ ਲੈਣਾ ਹੈ।

ਅਸੀਂ ਦੋਨੋਂ ਗੁਰਭਾਈਆਂ ਨੇ ਬੈਠ ਕੇ ਚਾਹ ਪਾਣੀ ਪੀਤਾ ਅਤੇ ਡੇਰੇ ਦੀਆ ਗੱਲਾਂ ਕਰਨ ਲੱਗ ਪਏ,ਬਹੁਤ ਜਲਦੀ ਸ਼ਾਮ ਪੈ ਗਈ ਮੈਂ ਇਹ ਵੀ ਭੁੱਲ ਗਿਆ ਕਿ ਮੈਂ ਡਿਊਟੀ ਤੇ ਹਾਂ ਜਾ ਡੇਰੇ ਵਿੱਚ ਬੈਠਾ ਹਾਂ। ਧਾਰਮਿਕ ਵਿਚਾਰਾਂ ਕਰਦੇ ਸਤਿਗੁਰਾਂ ਦੀ ਵਡਿਆਈ ਸੁਣਦਿਆ ਆਨੰਦ ਆ ਰਿਹਾ ਸੀ। ਸਾਰੇ ਲੋਕ ਘਰਾਂ ਨੂੰ ਵਾਪਿਸ ਚਲੇ ਗਏ ਸਨ । ਜੱਜ ਸਾਹਿਬਾਨ ਦੀਆਂ

ਗੱਡੀਆਂ ਵਾਪਿਸ ਜਾ ਚੁੱਕੀਆਂ ਸਨ ਪਰ ਅਸੀ ਉਸ ਤਰ੍ਹਾਂ ਹੀ ਬੈਠੇ ਰਹੇ ਮਨ ਨੂੰ ਇਕ ਆਨੰਦ ਆ ਰਿਹਾ ਸੀ ।ਇਸ ਵਿਚਾਰ ਵਟਾਂਦਰੇ ਵਿਚ ਹੀ ਮੇਰੇ ਧਿਆਨ ਵਿਚ ਆਇਆ ਕਿ ਇਹ ਬਜੁਰਗ ਸ਼੍ਰੀ ਗੁਰਦਾਸ ਰਾਮ ਜੀ ਸੰਤ ਸੁਰਿੰਦਰ ਦਾਸ ਬਾਵਾ ਜੀ ਦੇ ਸਤਿਕਾਰਯੋਗ ਪਿਤਾ ਜੀ ਹਨ ।ਮੇਰੀ ਖੁਸ਼ੀ ਦਾ ਕੋਈ ਅੰਤ ਨਾ ਰਿਹਾ ਅਤੇ ਮੈ ਆਪਣੇ ਆਪ ਨੂੰ ਬਹੁਤ ਸੁਭਾਗਾ ਸਮਝਿਆ ਕਿ ਮੈ ਏਡੀ ਮਹਾਨ ਹਸਤੀ ਨਾਲ ਬੈਠ ਕੇ ਏਨਾ ਖੁੱਲ੍ਹਾ ਸਮਾਂ ਗੱਲ ਬਾਤ ਕੀਤੀ।ਉਨ੍ਹਾ ਮੈਨੂੰ ਕੁਝ ਸਾਖੀਆਂ ਸੁਣਾਈਆਂ ਜਿਨ੍ਹਾਂ ਦਾ ਵਰਨਣ ਸ਼ਾਇਦ ਕਿਸੇ ਕਿਤਾਬ ਵਿਚ ਤਾਂ ਨਹੀਂ ਮਿਲਦਾ ਹੋਵੇਗਾ ਪ੍ਰੰਤੂ ਜਾਣੂ ਪੁਰਾਣੇ ਕਾਫੀ ਸਤਿਸੰਗੀ ਹੋਣਗੇ ।ਮੈ ਇਥੇ ਸਿਰਫ ਸੰਤ ਸੁਰਿੰਦਰ ਦਾਸ ਬਾਵਾ ਜੀ ਦੇ ਜਨਮ ਸਬੰਧੀ ਹੀ ਜ਼ਿਕਰ ਕਰਨਾ ਜਰੂਰੀ ਸਮਝਦਾ ਹਾਂ ।ਸ਼੍ਰੀ ਗੁਰਦਾਸ ਰਾਮ ਜੀ ਨੇ ਦੱਸਿਆ ਕਿ ਮਹਾਰਾਜ ਸਰਵਣ ਦਾਸ ਜੀ ਦੇ ਚਰਨ ਛੋਹ ਪ੍ਰਾਪਤ ਮੇਰੇ ਗ੍ਰਹਿ ਵਿਚ ਸਦਾ ਹੀ ਅਨੰਦ ਵੱਸਦਾ ਹੈ।ਅਤੇ ਗੁਰੂ ਜੀ ਮੇਰੇ ਸੁੱਚੀ ਪਿੰਡ ਸਥਿਤ ਗ੍ਰਹਿ ਵਿਖੇ ਰਾਤ ਠਹਿਰ ਚੁਕੇ ਹਨ। ਉਨ੍ਹਾ ਦੇ ਨਾਲ ਸ਼੍ਰੀ ਬੇਲੀ ਰਾਮ ,ਸ਼੍ਰੀ ਦਰਸ਼ਨ ਸਿੰਘ ਸੰਘਵਾਲ ,ਸ਼੍ਰੀ ਸੋਹਣ ਸਿੰਘ ਸੰਘਵਾਲ ,ਸ਼੍ਰੀ ਕ੍ਰਿਪਾ ਰਾਮ ਅਤੇ ਬੀਬੀ ਕਰਮੀ ਜੀ ਵੀ ਸਨ।ਸਾਡਾ ਪਰਿਵਾਰ 1962 ਤੋਂ ਲਗਾਤਾਰ,ਡੇਰਾ ਸੱਚਖੰਡ ਬੱਲਾਂ ਵਿੱਚ ਬਿਨਾਂ ਨਾਗਾ ਹਰ ਐਤਵਾਰ,ਸੰਗਰਾਂਦ ਅਤੇ ਹਰੇਕ ਸਮਾਗਮ ਡੇਰੇ ਵਿੱਚ ਆਉਦਾ ਹੈ।ਮਹਾਰਾਜ ਸਰਵਣ ਦਾਸ ਜੀ ਨੇ ਸਾਡੇ ਗ੍ਰਹਿ ਵਿਖੇ 1964 ਅਤੇ ਫਿਰ 1967 ਵਿੱਚ ਸਤਿਸੰਗੀਆਂ ਸਮੇਤ ਪਾਵਨ ਚਰਨ ਪਾਏ ਸਨ।ਸ਼ਾਇਦ ਇਸੇ ਕਾਰਨ ਹੀ ਇਸ ਧਰਤੀ 'ਤੇ ਸਤਿਗੁਰੂ ਸਰਵਣ ਦਾਸ ਜੀ ਮਹਾਰਾਜ ਦਾ ਸੁੰਦਰ ਭਵਨ ਬਣਿਆ ਹੋਇਆ ਹੈ ਜੋ ਉਹਨਾਂ ਦੀਆ ਯਾਦਾਂ ਨੂੰ ਤਾਜ਼ਾ ਕਰਦਾ ਹੈ।ਸ਼੍ਰੀ ਗੁਰਦਾਸ ਰਾਮ ਜੀ ਨੇ ਦੱਸਿਆ ਕਿ ਇਹ ਗੱਲ 1972 ਦੀ ਹੈ ਕਿ ਮੇਰੇ ਘਰ ਵਾਲੀ(ਬੀਬੀ ਗੁਰਬਚਨ ਕੌਰ) ਨੂੰ ਛੇਵੇਂ ਮਹੀਨੇ ਗਰਭ ਸੀ ਇਸੇ

ਦੌਰਾਨ ਉਹਨਾਂ ਨੂੰ ਬਹੁਤ ਤਕਲੀਫ ਹੋ ਗਈ।ਸੋ ਮੈ ਗੁਰੂ ਮਹਾਰਾਜ ਜੀ ਪਾਸ ਡੇਰੇ ਗਿਆ ਤਾਂ ਮਹਾਰਾਜ ਜੀ ਨੂੰ ਬੇਨਤੀ ਕੀਤੀ ਕਿ ਸਤਿਗੁਰ ਜੀ ਮੇਰੇ ਘਰਵਾਲੀ ਦੀ ਸਿਹਤ ਬਹੁਤ ਖਰਾਬ ਹੋ ਗਈ ਹੈ, ਮਹਾਰਾਜ ਜੀ ਨੇ ਕਿਹਾ ਕਿ ਤੂੰ ਇਸ ਨੂੰ ਸ਼ਹਿਰ ਡਾਕਟਰ ਨੂੰ ਵਿਖਾ।ਮੈ ਗੁਰੂ ਮਹਾਰਾਜ ਜੀ ਤੋਂ ਹੁਕਮ ਲੈ ਕਿ ਆਪਣੇ ਘਰਵਾਲੀ ਨੂੰ ਲੇਡੀ ਡਾਕਟਰ ਪਾਸ ਦਿਖਾਇਆ।ਉਸਨੇ ਮੇਰੀ ਘਰਵਾਲੀ ਦੀ ਹਾਲਤ ਵੇਖੀ ਤਾਂ ਕਿਹਾ ਕਿ ਇਸਦੀ ਹਾਲਤ ਤਾਂ ਬਹੁਤ ਖਰਾਬ ਹੈ।ਇਸ ਸਮੇਂ ਬੱਚਾ ਅਤੇ ਉਸ ਦੀ ਮਾਂ ਨੂੰ ਜਾਨ ਦਾ ਖਤਰਾ ਹੈ ਇਸ ਲਈ ਤੁਸੀਂ ਇਸਨੂੰ ਸਿਵਲ ਹਸਪਤਾਲ ਲੈ ਜਾਉ।

ਮੈਂ ਉਸੇ ਸਮੇਂ ਫਿਰ ਮਹਾਰਾਜ ਜੀ ਕੋਲ ਗਿਆ ਤੇ ਸਾਰੀ ਵਿਥਿਆਂ ਦੱਸੀ।ਸਤਿਗੁਰਾਂ ਨੇ ਕਿਹਾ ਕਿ ਤੂੰ ਏਥੇ ਕਿਉਂ ਆਇਆ ਜਲਦੀ ਨਾਲ ਕੁੜੀ ਨੂੰ ਹਸਪਤਾਲ ਲੈ ਕੇ ਜਾ।ਮਹਾਰਾਜ ਜੀ ਦਾ ਹੁਕਮ ਲੈ ਕੇ ਮੈਂ ਆਪਣੀ ਘਰਵਾਲੀ ਨੂੰ ਸਿਵਲ ਹਸਪਾਤਲ ਜਲੰਧਰ ਲੈ ਗਿਆ।ਡਾਕਟਰ ਨੇ ਉਸਦਾ ਡਾਕਟਰੀ ਮੁਆਇਨਾ ਕੀਤਾ ਅਤੇ ਕਿਹਾ ਕਿ ਇਹਨਾਂ ਦੋਨਾਂ ਦਾ ਬਚਣਾ ਬਹੁਤ ਮੁਸ਼ਕਿਲ ਹੈ ਫਿਰ ਵੀ ਅਸੀਂ ਕੋਸ਼ਿਸ਼ ਕਰ ਲੈਂਦੇ ਹਾਂ।ਮੇਰੀ ਪਤਨੀ ਤਕਰੀਬਨ ਪੰਦਰਾ ਕੁ ਦਿਨ ਹਸਪਤਾਲ ਰਹੀ।ਆਖਰ ਡਾਕਟਰਾਂ ਨੇ ਉਸਨੂੰ ਜਵਾਬ ਦੇ ਦਿੱਤਾ ਤੇ ਕਿਹਾ ਇਹਨਾਂ ਨੂੰ ਘਰ ਲੈ ਜਾਅ ਤੇ ਬਸ ਸੇਵਾ ਕਰੋ।ਕਿਉਂਕਿ ਬੱਚੇ ਦੀ ਪੈਦਾਇਸ਼ ਹੋ ਗਈ ਸੀ ਅਤੇ ਉਹ ਮਰਿਆ ਹੋਇਆ ਸੀ ਉਧਰ ਕੀ ਕੌਤਕ ਹੋਇਆ,ਮਹਾਰਾਜ ਜੀ ਦੇ ਸੇਵਕ ਸੋਹਣ ਸਿੰਘ ਸੰਘਵਾਲ ਵਾਲੇ ਦੀ ਪਤਨੀ ਅਤੇ ਕੁਝ ਹੋਰ ਬੀਬੀਆ ਮੇਰੇ ਘਰਵਾਲੀ ਦੀ ਹਸਪਤਾਲ ਵਿੱਚ ਖਬਰ ਲੈ ਕੇ ਆ ਰਹੀਆ ਸਨ ਤਾਂ ਉਹਨਾਂ ਨੇ ਸੋਚਿਆ ਚਲੋ ਡੇਰੇ ਹੋ ਚਲਦੀਆ ਹਾਂ।ਸੋ ਉਹ ਡੇਰੇ ਆਈਆਂ ਤਾਂ ਉਹਨਾਂ ਨੇ ਮਹਾਰਾਜ ਜੀ ਨੂੰ ਨਮਸਕਾਰ ਕੀਤੀ।ਮਹਾਰਾਜ ਜੀ ਸਭ ਕੁਝ ਜਾਣੀ ਜਾਣ ਸਨ।ਉਹਨਾਂ ਨੇ

ਓਨ੍ਹਾਂ ਬੀਬੀਆਂ ਨੂੰ ਪੁੱਛਿਆਂ ਕਿ 'ਕੁੜੇ ਤੁਸੀ ਇਸ ਸਮੇਂ ਕਿਥੋ ਆਈਆਂ ਹੋ? ਤਾਂ ਉਹਨਾਂ ਬੀਬੀਆਂ ਨੇ ਉੱਤਰ ਦਿਤਾ ਕਿ 'ਮਹਾਰਾਜ ਜੀ ਅਸੀਂ ਸਿਵਲ ਹਸਪਤਾਲ ਜਲੰਧਰ ਗਈਆ ਸੀ,ਸੁੱਚੀ ਪਿੰਡ ਵਾਲੀ ਬਚਨੀ ਦੀ ਖਬਰ ਲਈ'।

ਕੁੜੇ ਉਸ ਕੁੜੀ ਦਾ ਕੀ ਹਾਲ ਹੈ ? ਮਹਾਰਾਜ ਜੀ ਨੇ ਪੁਛਿਆ, 'ਮਹਾਰਾਜ ਜੀ ਉਸ ਦੀ ਹਾਲਤ ਤਾਂ ਬੁਹਤ ਖਰਾਬ ਹੈ,ਉਸ ਨੂੰ ਮਰਿਆਂ ਕਾਕਾ ਹੋਇਆ ਹੈ ਡਾਕਟਰ ਨੇ ਤਾਂ ਉਸ ਨੂੰ ਜਵਾਬ ਦੇ ਦਿੱਤਾ ਹੈ ਕਿ ਹੁਣ ਉਹ ਵੀ ਨਹੀਂ ਬਚੇਗੀ ਅਤੇ ਇਸ ਲਈ ਡਾਕਟਰ ਨੇ ਕਿਹਾ ਹੈ ਕਿ ਕੱਲ੍ਹ ਨੂੰ ਉਸਨੂੰ ਘਰ ਲੈ ਜਾਓ ਉਹਨਾਂ ਦੇ ਵੱਸ ਦੀ ਕੋਈ ਗੱਲ ਨਹੀਂ'ਉਹਨਾਂ ਬੀਬੀਆ ਨੇ ਮਹਾਰਾਜ ਜੀ ਨੂੰ ਦੱਸਿਆ;

ਮਹਾਰਾਜ ਜੀ ਕਹਿਣ ਲੱਗੇ 'ਹੋਰ ਉਹ ਕੁੜੀ ਕੀ ਕਹਿੰਦੀ ਸੀ, ਬੱਸ ਮਹਾਰਾਜ ਜੀ,ਉਹ ਕਹਿੰਦੀ ਸੀ ਕਿ "ਮਹਾਰਾਜ ਜੀ ਮੈਨੂੰ ਬਚਾ ਲੈਣਗੇ ਕਿ ਨਹੀਂ?

ਇਹ ਸੁਣਕੇ ਮਹਾਰਾਜ ਜੀ ਬਹੁਤ ਚਿੰਤਿਤ ਹੋਏ ਆਪਣੇ ਪਲੰਘ ਤੇ ਸਮਾਧੀ ਲਗਾ ਕੇ ਬੈਠ ਗਏ ਕਾਫੀ ਸਮਾਂ ਮਹਾਰਾਜ ਜੀ ਸਮਾਧੀ ਲਗਾ ਕੇ ਬੈਠੇ ਰਹੇ।ਫਿਰ ਮਹਾਰਾਜ ਜੀ ਦੀ ਸਮਾਧੀ ਖੁੱਲ੍ਹੀ ਤਾਂ ਮਹਾਰਾਜ ਜੀ ਖਿੜ-ਖਿੜਾ ਕੇ ਹੱਸ ਪਏ ਤਾਂ ਬਚਨ ਕੀਤਾ। 'ਕੁੜੇ ਉਸ ਨੂੰ ਜਾ ਕੇ ਕਹਿ ਦਿਓ ਕਿ ਅਸੀਂ ਅਕਾਲ ਪੁਰਖ ਤੋਂ ਉਸਦੀ ਉਮਰ ਮੰਗ ਲਈ ਹੈ,ਉਸਦੇ ਤਾਂ ਛੋਟੇ ਛੋਟੇ ਬੱਚੇ ਹਨ,ਜਾਓ ਉਸਨੂੰ ਹੁਣ ਕੁਝ ਨਹੀਂ ਹੋਵੇਗਾ।'

ਮਹਾਰਾਜ ਜੀ ਦੇ ਬਚਨ ਸੁਣਕੇ ਬੀਬੀਆ ਹੈਰਾਨ ਹੋ ਗਈਆ ਅਤੇ ਸੋਚਣ ਲੱਗੀਆਂਕਿ ਉਹ ਤਾਂ ਬਸ ਮਰਨ ਵਾਲੀ ਹੈ ਅਤੇ ਮਹਾਰਾਜ ਜੀ ਉਸ ਦੇ ਜੀਣ ਦੀਆਂ ਗੱਲਾਂ ਕਰਦੇ ਹਨ।ਸੋ ਮਹਾਰਾਜ ਜੀ ਸਾਰੀ ਰਾਤ ਬਹੁਤ ਚਿੰਤਿਤ ਰਹੇ ਅਤੇ ਸਾਰੀ ਰਾਤ ਘੋਰ ਤੱਪਸਿਆ ਕਰਦੇ ਅਰਦਾਸ ਕਰਦੇ ਰਹੇ ਕਿ ਉਸ ਕੁੜੀ ਦੀ ਜਾਨ ਬਚ ਜਾਵੇ ਕਿਉਂਕਿ ਉਸਦੇ ਛੋਟੇ-ਛੋਟੇ ਬੱਚੇ ਹਨ।

# ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਦਾ ਸਿਵਲ ਹਸਪਤਾਲ ਜਾਣਾ

ਦੂਸਰੇ ਦਿਨ ਮਹਾਰਾਜ ਸਰਵਣ ਦਾਸ ਜੀ, ਬੀਬੀ ਕਰਮੀ ਅਤੇ ਰਸੂਲਪੁਰ ਤੋ ਕੁਝ ਸੇਵਕਾਂ ਨੂੰ ਨਾਲ ਲੈ ਕੇ ਸਿਵਲ ਹਸਪਤਾਲ ਜਲੰਧਰ ਪਹੁੰਚੇ। ਮਹਾਰਾਜ ਜਨਰਲ ਵਾਰਡ ਵਿੱਚ ਪਹੁੰਚੇ। ਉਸ ਵਕਤ ਹਸਪਤਾਲ ਦੀ ਪੁਰਾਣੀ ਬਿਲਡਿੰਗ ਸੀ ਅਤੇ ਇਹ ਵਾਰਡ ਹਸਪਤਾਲ ਦੀ ਡਿਉੜੀ ਦੇ ਉੱਪਰ ਹੁੰਦੇ ਸੀ । ਮੇਰੇ ਘਰਵਾਲੀ ਦਾ ਬੈੱਡ ਦੂਸਰੀ ਮੰਜ਼ਿਲ 'ਤੇ ਸੀ ਸੋ ਮਹਾਰਾਜ ਜੀ ਦੂਸਰੀ ਮੰਜ਼ਿਲ 'ਤੇ ਗਏ। ਮਹਾਰਾਜ ਜੀ ਉਸ ਵੇਲੇ ਵੀਹ ਕਿੱਲੋ ਸੇਬ ਸਾਰੇ ਮਰੀਜਾਂ ਲਈ ਲੈ ਕੇ ਗਏ ਸਨ । ਮਹਾਰਾਜ ਜੀ ਆਪਣੇ ਕਰ ਕਮਲਾਂ ਨਾਲ ਫਰੂਟ ਮਰੀਜ਼ਾ ਵਿੱਚ ਵੰਡ ਕੇ 'ਤੇ ਮੇਰੀ ਪਤਨੀ ਦੇ ਬੈੱਡ ਕੋਲ ਪਹੁੰਚੇ ਅਤੇ ਰੁਕ ਗਏ,ਮੈ ਵੀ ਉੱਥੇ ਸਾਂ। ਅਸੀਂ ਦੋਵੇਂ ਮਹਾਰਾਜ ਜੀ ਨੂੰ ਦੇਖ ਕੇ ਹੈਰਾਨ ਹੋ ਗਏ। ਸਾਰੇ ਹਸਪਤਾਲ ਦੇ ਮਰੀਜ ਮਹਾਰਾਜ ਜੀ ਦੇ ਦਰਸ਼ਨ ਕਰਕੇ ਬਹੁਤ ਹੈਰਾਨ ਹੋ ਗਏ ਡਾਕਟਰਾਂ ਨੇ ਮਹਾਰਾਜ ਜੀ ਦੇ ਨਾਲ ਉਹਨਾਂ ਦੀ ਅਗਵਾਈ ਕੀਤੀ। ਜਦੋਂ ਮਹਾਰਾਜ ਜੀ ਮੇਰੇ ਘਰਵਾਲੀ ਦੇ ਬੈੱਡ ਕੋਲ ਰੁਕੇ ਤਾਂ ਮੇਰੇ ਘਰਵਾਲੀ ਨੇ ਮਹਾਰਾਜ ਜੀ ਨੂੰ ਮੱਥਾ ਟੇਕਣ ਦੀ ਕੋਸ਼ਿਸ਼ ਕੀਤੀ ਤਾਂ ਮਹਾਰਾਜ ਜੀ ਨੇ ਰੋਕਦਿਆਂ ਕਿਹਾ 'ਨਾ ਕੁੜੇ ਤੂੰ ਅਜੇ ਬਹੁਤ ਕਮਜੋਰ ਹੈ ਤੁਸੀਂ ਬੈਠੇ ਰਹੋ। 'ਮੈ ਮਹਾਰਾਜ ਜੀ ਨੂੰ ਮੱਥਾ ਟੇਕਿਆ।

ਮਹਾਰਾਜ ਜੀ ਨੇ ਆਪਣੇ ਗਲੇ ਵਿੱਚੋਂ ਇਕ ਹਾਰ ਉਤਾਰ ਕੇ ਮੇਰੇ ਘਰਵਾਲੀ ਦੇ ਗਲ ਵਿੱਚ ਪਾ ਦਿੱਤਾ। ਫਿਰ ਦੂਸਰਾ ਹਾਰ ਉਤਾਰ ਕੇ ਮੇਰੇ ਗਲ ਵਿੱਚ ਪਾਇਆ ਅਤੇ ਕਹਿਣ ਲੱਗੇ 'ਲੈ ਕੁੜੇ ਹੁਣ ਤੂੰ ਫਿਕਰ ਨਹੀਂ ਕਰਨਾ ਤੇਰੇ ਸਾਰੇ ਦੁੱਖ ਲੈ ਚੱਲੇ ਹਾਂ,ਤੂੰ ਇਕ ਪੁੱਤਰ ਨੂੰ ਨਹੀਂ ਰੋਣਾ ਤੇਰੇ ਦੋ ਪੁੱਤਰ ਹੋਰ ਹੋਣਗੇ'।

'ਮਹਾਰਾਜ ਜੀ ਹੁਣ ਕੀ ਫ਼ਿਕਰ ਕਰਨਾ,ਤੁਸੀਂ ਆਪ

ਭਗਵਾਨ ਮੇਰੇ ਗਰੀਬ ਦੀ ਖਬਰ ਲੈਣ ਹਸਪਤਾਲ ਆਏ ਹੋ'।ਮੇਰੀ ਘਰਵਾਲੀ ਨੇ ਉੱਤਰ ਦਿੱਤਾ।ਬੇਨਤੀ ਕੀਤੀ ਕਿ ਮਹਾਰਾਜ ਜੀ ਵੱਡਾ ਪੁੱਤਰ ਆਪ ਜੀ ਦੇ ਚਰਨਾਂ ਵਿੱਚ ਅਰਪਣ ਕਰਾਂਗੀ।

ਉਸ ਸਮੇਂ ਮੈ ਸੰਕਲਪ ਕੀਤਾ ਕਿ ਵੱਡਾ ਪੁੱਤਰ ਮਹਾਰਾਜ ਜੀ ਨੂੰ ਦੇ ਦੇਣਾ ਹੈ।ਹਸਪਤਾਲ ਵਿੱਚ ਸਭ ਡਾਕਟਰ ਤੇ ਮਰੀਜ ਹੈਰਾਨ ਸਨ ਕਿ ਇਹ ਕਿਹੜੀ ਜੋਤ ਹੈ ਜਿਸ ਦਾ ਏਨਾ ਤੇਜ ਪ੍ਰਕਾਸ਼ ਹੈ।ਇੰਨੇ ਬਜੁਰਗ ਹੁੰਦੇ ਹੋਏ ਵੀ ਉਨ੍ਹਾਂ ਦੇ ਐਨਾ ਨੂਰ ਹੈ ਐਨਾ ਭੱਖਦਾ ਚਿਹਰਾ ਹੈ।ਸੱਚ ਸੀ ਸੁੱਚੀ ਪਿੰਡ ਦੇ ਪੁੱਤਰ ਦਾਨੀ ਸਾਈਕਲ ਮਕੈਨਿਕ ਸ਼੍ਰੀਮਾਨ ਗੁਰਦਾਸ ਰਾਮ ਜੀ ਅਤੇ ਉਨ੍ਹਾਂ ਦੀ ਧਰਮ ਪਤਨੀ ਬੀਬੀ ਗੁਰਬਚਨ ਕੌਰ ਜੀ ਦੀ। ਸੁਆਮੀ ਸਰਵਣ ਦਾਸ ਜੀ ਮਹਾਰਾਜ 11 ਜੂਨ 1972 ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ ਚੋਲਾ ਛੱਡ ਕੇ ਬ੍ਰਹਮਲੀਨ ਹੋ ਗਏ।ਸੰਸਕਾਰ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਸਨ।ਦੇਸਾਂ ਪ੍ਰਦੇਸਾਂ ਤੋਂ ਸੰਗਤਾਂ ਸਤਿਗੁਰੂ ਜੀ ਦੇ ਅੰਤਿਮ ਦਰਸ਼ਨਾ ਲਈ ਜੁੜੀਆਂ ਹੋਈਆਂ ਸਨ।ਚਿੱਖਾ ਨੂੰ ਅਗਨੀ ਭੇਂਟ ਕਰਨ ਦੀਆਂ ਤਿਆਰੀਆਂ ਸਨ।ਚਿੱਖਾ ਵਿਚ ਦੇਸੀ ਘਿਓ,ਚੰਦਨ ਦੀ ਲਕੜੀ,ਧੂਫ਼,ਠੂਠੀ,ਸਮੱਗਰੀ ਆਦਿ ਪਾਇਆ ਜਾ ਰਿਹਾ ਸੀ।ਅਗਨੀ ਭੇਂਟ ਕਰਨ ਲਈ ਅਰਦਾਸ ਸਮਾਪਤ ਹੋ ਚੁੱਕੀ ਸੀ।ਉਸ ਵਕਤ ਦਾ ਅੱਖੀ ਡਿੱਠਾਂ ਹਾਲ ਜਦੋਂ ਮਾਸਟਰ ਜੱਗੂ ਰਾਮ ਦੇ ਸਪੁੱਤਰ ਸ਼੍ਰੀ ਰਜਿੰਦਰ ਬੰਗੜ ਜੋ ਆਪਣੇ ਸਾਥੀ ਰੇਸ਼ਮ ਸਿੰਘ ਰਿਟਾਇਰਡ ਸੁਪਰਡੈਂਟ ਨਾਲ ਉੱਥੇ ਮੌਜੂਦ ਸਨ ਦੱਸਦੇ ਹਨ ਕਿ ਬ੍ਰਹਮਲੀਨ ਸੁਆਮੀ ਸਰਵਣ ਦਾਸ ਜੀ ਦੇ ਪੰਜ ਭੂਤਕ ਸਰੀਰ ਵਿਚੋਂ ਖੂਨ ਦੀਆਂ ਧਾਰਾਂ ਨਿਕਲੀਆਂ ਜੋ ਹੋਰ ਵੀ ਕਈ ਸਤਿਸੰਗੀਆਂ ਨੇ ਦੇਖੀਆਂ।ਇਸ ਬਾਰੇ ਚੈਨ ਰਾਮ ਸੁੰਮਨ ਜੀ ਵੀ ਆਪਣੀਆਂ ਰਚਨਾਵਾਂ ਵਿਚ ਵਰਣਨ ਕਰ ਚੁੱਕੇ ਹਨ।ਸਵਰਗੀ ਗੁਰਦਾਸ ਰਾਮ ਜੀ ਦੱਸਿਆ ਕਰਦੇ ਸਨ ਕਿ ਖੂਨ ਦੇ ਤਿਣਕੇ ਉਸਦੇ ਉੱਪਰ ਗਿਰੇ ਸਨ।ਹੁਣ ਇਥੇ ਇਕ ਵੱਡਾ

ਅਧਿਆਤਮਿਕ ਸਵਾਲ ਖੜ੍ਹਾ ਹੋ ਜਾਂਦਾ ਹੈ ਕਿ ਇਹ ਤਿਣਕੇ ਸ਼੍ਰੀ ਗੁਰਦਾਸ ਰਾਮ ਜੀ ਉੱਪਰ ਹੀ ਕਿਉਂ ਗਿਰੇ?ਸੰਤ ਸੁਰਿੰਦਰ ਦਾਸ ਬਾਵਾ ਜੀ ਜਿਨ੍ਹਾਂ ਦਾ ਜਨਮ 14 ਮਾਰਚ 1973 ਨੂੰ ਪੂਰਨਮਾਸ਼ੀ ਵਾਲੇ ਦਿਨ ਹੋਇਆ। ਸ਼੍ਰੀ 108 ਸੰਤ ਸਰਵਣ ਦਾਸ ਜੀ ਦੇ ਬ੍ਰਹਮਲੀਨ ਤੋਂ ਪੂਰੇ 9 ਮਹੀਨੇ ਬਾਅਦ ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਜਨਮ ਧਾਰਿਆ। ਸ਼ਾਇਦ ਸੁਆਮੀ ਜੀ ਦੇ ਬ੍ਰਹਮਲੀਨ ਹੋਣ ਉਪਰੰਤ ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਮਾਤਾ ਦੇ ਗਰਭ ਵਿਚ ਪ੍ਰਵੇਸ਼ ਕੀਤਾ ਹੋਵੇ। ਮਿਸ਼ਨਰੀ ਅਤੇ ਗਰੀਬਾਂ ਦੇ ਹਿਤੈਸ਼ੀ ਰਵਿਦਾਸੀਆਂ ਸੰਪ੍ਰਦਾਇ ਦੇ ਵਿਦਵਾਨ ਸੰਤ ਦੇ ਬ੍ਰਹਮਲੀਨ ਹੋ ਜਾਣ ਤੋਂ ਪੂਰੇ 9 ਮਹੀਨੇ ਬਾਅਦ ਉਨ੍ਹਾਂ ਦੇ ਚਰਨਾਂ ਵਿਚ ਚੜ੍ਹਾਵਾ ਦਿੱਤੇ ਹੋਏ ਬੱਚੇ ਦਾ ਜਨਮ ਹੋਣਾ ਜੋ ਗਰੀਬਾਂ ਦਾ ਹਮਦਰਦ,ਨੈਤਿਕ ਗੁਣਾਂ ਦਾ ਧਾਰਨੀ ਮਹਾਨ ਵਿਦਵਾਨ ਅਤੇ ਇਨਕਲਾਬੀ ਸੰਤ ਬਣੇ। ਇਕ ਅਚੰਭੇ ਵਾਲੀ ਗੱਲ ਹੈ ਕਿ ਸੰਤ ਸੁਰਿੰਦਰ ਦਾਸ ਬਾਵਾ ਜੀ ਦੀ ਆਯੂ ਸਵਾ ਮਹੀਨਾ ਹੋਣ ਉਪਰੰਤ ਉਨ੍ਹਾਂ ਦੇ ਮਾਣਯੋਗ ਮਾਤਾ ਪਿਤਾ(ਦੁਨਿਆਵੀ ਮਾਤਾ ਪਿਤਾ) ਡੇਰਾ ਸੱਚ ਖੰਡ ਬੱਲਾਂ ਵਿਖੇ ਪਹੁੰਚੇ ਅਤੇ ਤਤਕਾਲੀਨ ਗੱਦੀ ਨਸ਼ੀਨ ਸੰਤ ਸ਼੍ਰੀ 108 ਸੰਤ ਹਰੀ ਦਾਸ ਜੀ ਮਹਾਰਾਜ ਜੀ ਦੇ ਚਰਨਾਂ ਵਿੱਚ (ਗੋਦ ਵਿੱਚ) ਬੱਚਾ ਰੱਖ ਦਿੱਤਾ ਅਤੇ ਆਪਣੇ ਕੀਤੇ ਹੋਏ ਵਾਅਦੇ ਮੁਤਾਬਿਕ ਸਤਿਗੁਰੂ ਸਰਵਣ ਦਾਸ ਜੀ ਮਹਾਰਾਜ ਦੀ ਸੁੱਖਣਾ ਪੂਰੀ ਕਰ ਦਿੱਤੀ। ਮਹਾਰਾਜ ਹਰੀਦਾਸ ਜੀ ਬਹੁਤ ਖੁਸ਼ ਹੋਏ ਬੱਚੇ ਦੀ ਤੰਦਰੁਸਤੀ ਅਤੇ ਸੰਤ ਮੱਤ ਨਾਲ ਜੁੜੇ ਰਹਿਣ,ਭੇਖ ਦੀ ਲਾਜ-ਪੱਤ ਰੱਖਣ ਦੀ ਅਰਦਾਸ ਕੀਤੀ ਅਤੇ ਕਿਹਾ ਕਿ ਬੱਚੇ ਨੂੰ ਮਾਤਾ ਦਾ ਦੁੱਧ ਪੀਣ ਤੱਕ ਆਪਣੇ ਪਾਸ ਲੈ ਜਾਉ। ਇਸ ਦਾ ਨਾਮ ਵੀ ਸੁਰਿੰਦਰ ਦਾਸ ਰੱਖਿਆ ਗਿਆ। ਮਹਾਂ-ਪੁਰਸ਼ਾਂ ਨੇ ਇਕ ਭਗਵਾਂ ਕੱਪੜਾ ਬੱਚੇ ਦੇ ਵਸਤਰ ਬਣਾਉਣ ਅਤੇ ਪਹਿਨਣ ਲਈ ਵੀ ਦਿੱਤਾ। ਇਸ ਤਰ੍ਹਾਂ ਜਦੋਂ ਵੀ ਬੀਬੀ ਗੁਰਬਚਨ ਕੌਰ ਅਤੇ ਸ਼੍ਰੀ ਗੁਰਦਾਸ ਰਾਮ ਜੀ ਜਦੋਂ ਵੀ ਡੇਰੇ ਆਉਂਦੇ ਤੇ ਬਾਵਾ ਜੀ ਨੂੰ ਹਰ ਐਤਵਾਰ ਅਤੇ ਸੰਗਰਾਂਦ ਤੇ ਨਾਲ ਲੈ ਕੇ ਆਉਂਦੇ। ਮਹਾਰਾਜ

ਹਰੀਦਾਸ ਜੀ ਇਨ੍ਹਾਂ ਨੂੰ ਗੋਦੀ ਵਿਚ ਲੈ ਕੇ ਪਿਆਰ ਦਿੰਦੇ। ਹੁਣ ਬਾਵਾ ਜੀ ਦੀ ਆਯੂ ਕਰੀਬ 5 ਸਾਲ ਹੋ ਚੁੱਕੀ ਸੀ। ਇੱਕ ਦਿਨ ਹਰ ਹਫਤੇ ਦੀ ਤਰ੍ਹਾਂ ਸ਼੍ਰੀ ਗੁਰਦਾਸ ਰਾਮ ਜੀ ਡੇਰੇ ਮੱਥਾ ਟੇਕਣ ਲਈ ਆਏ ਤਾਂ ਸੰਤ ਹਰੀਦਾਸ ਜੀ ਮਹਾਰਾਜ ਨੇ ਇੱਛਾ ਜਾਹਿਰ ਕੀਤੀ ਕਿ ਆਪ ਸਾਡੀ ਅਮਾਨਤ (ਬਾਵਾ ਜੀ) ਹੁਣ ਡੇਰੇ ਦੇ ਦਿਓ। ਸ਼੍ਰੀ ਗੁਰਦਾਸ ਰਾਮ ਜੀ ਹੱਸ ਕੇ ਬੋਲੇ, ਜੋ ਹੁਕਮ ਮਹਾਰਾਜ ਜੀ। 1977 ਵਿੱਚ ਸੁੱਚੀ ਪਿੰਡ ਵਿਖੇ ਸੰਤ ਸੰਮੇਲਨ ਰੱਖਿਆ ਗਿਆ। ਉਸ ਦਿਨ ਸੰਤ ਹਰੀਦਾਸ ਜੀ ਮਹਾਰਾਜ ਕੁਝ ਸੇਵਕਾਂ ਨਾਲ ਸ਼੍ਰੀ ਗੁਰਦਾਸ ਰਾਮ ਜੀ ਦੇ ਘਰ ਪਧਾਰੇ,ਕਥਾ ਕੀਰਤਨ ਕੀਤਾ ਗਿਆ,ਲੰਗਰ ਪਾਣੀ ਛੱਕਣ ਉਪਰੰਤ ਘਰ ਵਿਚ ਹੀ ਸ਼੍ਰੀ 108 ਸੰਤ ਸਰਵਣ ਦਾਸ ਜੀ ਮਹਾਰਾਜ ਦੀ ਯਾਦ ਵਿੱਚ ਮੰਦਿਰ ਦੇ ਨੀਂਹ ਪੱਥਰ ਰੱਖੇ ਗਏ। ਬਾਵਾ ਜੀ ਨੂੰ ਡੇਰੇ ਵੱਲੋਂ ਹੀ ਤਿਆਰ ਕੀਤੇ ਹੋਏ ਭਗਵੇਂ ਵਸਤਰ ਪਹਿਨਾ ਕੇ ਅਰਦਾਸ ਕਰਨ ਉਪਰੰਤ ਸਾਧੂ ਭੇਖ ਦੇ ਕੇ ਡੇਰੇ ਲੈ ਆਏ। ਧੰਨ ਹਨ ਉਹ ਮਾਤਾ ਪਿਤਾ ਅਤੇ ਪਰਿਵਾਰ ਜਿਨ੍ਹਾਂ ਨੇ ਪੂਰੀ ਸ਼ਰਧਾ ਅਤੇ ਲਗਨ ਨਾਲ ਆਪਣੇ ਹੱਥੀ ਇਕ ਬੱਚੇ ਨੂੰ,ਦਿਲ ਦੇ ਟੁਕੜੇ ਨੂੰ,ਸੰਤਾਂ ਮਹਾਂਪਰਸ਼ਾਂ ਨੂੰ ਹੱਸਦੇ ਹੱਸਦੇ ਖਿੜੇ ਮੱਥੇ ਦੇ ਦਿੱਤਾ। ਸੰਤ ਹਰੀਦਾਸ ਜੀ ਮਹਾਰਾਜ ਨੇ ਉਸ ਵਕਤ ਆਪਣੇ ਮੁਖਾਰਬਿੰਦ ਤੋਂ ਉਚਾਰਿਆਂ ਸੀ ਕਿ ਇਹ ਬੱਚਾ ਭਗਤੀ ਵਿਚ ਪੂਰਾ ਹੋਵੇਗਾ ਅਤੇ ਅਧਿਆਤਮਕ ਰੌਸ਼ਨੀ ਰਾਹੀਂ ਸਾਰੇ ਵਿਸ਼ਵ ਵਿੱਚ ਜਾਣਿਆ ਜਾਵੇਗਾ। ਉਨ੍ਹਾਂ ਇਹ ਵੀ ਬਚਨ ਕੀਤੇ ਸਨ ਕਿ ਇਹ ਬੱਚਾ ਇੱਕ ਦਿਨ ਪੂਰਨ ਸੰਤ ਬਣੇਗਾ ਆਪਣੇ ਧਰਮ ਦੀ ਸੇਵਾ ਕਰੇਗਾ ਅਤੇ ਰਵਿਦਾਸੀਆਂ ਧਰਮ ਦਾ ਅਨਮੋਲ ਹੀਰਾ ਹੋਵੇਗਾ।

ਡੇਰਾ ਬੱਲਾਂ ਦੇ ਮਹਾਂਪੁਰਸ਼ਾਂ ਦੀ ਮਾਲਾ ਦਾ ਇਹ ਮੋਤੀ ਜਿਸ ਨੂੰ ਬਚਪਨ ਤੋਂ ਹੀ ਸੰਤ ਅਤੇ ਬਾਵਾ ਜੀ ਵਰਗੇ ਭੇਖ ਮਿਲੇ ਹੋਏ ਹਨ ਸਕੂਲ ਵਿਚ ਪੜ੍ਹਨ ਪਾਇਆ ਗਿਆ। ਆਪ ਜੀ ਨੇ ਦੱਸਵੀਂ ਤੱਕ ਦੀ ਪੜ੍ਹਾਈ ਸ਼੍ਰੀ ਗੁਰੂ ਰਵਿਦਾਸ ਹਾਈ ਸਕੂਲ ਕਿਸ਼ਨਪੁਰਾ (ਜਲੰਧਰ) ਵਿੱਚ ਚੰਗੇ ਨੰਬਰ ਲੈ ਕੇ ਪਾਸ

ਕੀਤੀ। ਇਸ ਤੋਂ ਬਾਅਦ ਮੌਕੇ ਦੇ ਗੱਦੀ ਨਸ਼ੀਨ ਸ਼੍ਰੀ 108 ਸੰਤ ਗਰੀਬ ਦਾਸ ਜੀ ਮਹਾਰਾਜ ਨੇ ਉੱਚੀ ਵਿੱਦਿਆ ਦੋਆਬਾ ਕਾਲਜ ਜਲੰਧਰ ਵਿਖੇ ਕਰਵਾਈ। ਆਪ ਵਿਸ਼ੇਸ਼ ਤੌਰ ਤੇ ਬਾਵਾ ਜੀ ਦੀ ਪੜ੍ਹਾਈ ਵਲ ਧਿਆਨ ਦਿੰਦੇ ਸਨ। ਇਸ ਕਾਲਜ ਵਿੱਚੋਂ ਬਾਵਾ ਜੀ ਨੇ ਚੰਗੇ ਨੰਬਰ ਪ੍ਰਾਪਤ ਕਰਕੇ ਬੀ.ਏ ਦੀ ਡਿਗਰੀ ਹਾਸਿਲ ਕੀਤੀ। ਡੇਰੇ ਦੀ ਚੜ੍ਹਦੀ ਕਲਾ ਅਤੇ ਸੰਤਾਂ ਮਹਾਪੁਰਸ਼ਾਂ ਦੇ ਰੁਝੇਵਿਆਂ ਨੂੰ ਦੇਖਦੇ ਹੋਏ ਸਮੇਂ ਦੀ ਲੋੜ ਅਨੁਸਾਰ ਜਗਤਗੁਰੂ ਰਵਿਦਾਸ ਜੀ ਮਹਾਰਾਜ ਦੇ ਮਿਸ਼ਨ ਨੂੰ ਪ੍ਰਚਾਰਨ ਅਤੇ ਪ੍ਰਸਾਰਨ ਲਈ ਸ਼੍ਰੀ 108 ਸੰਤ ਰਾਮਾਨੰਦ ਜੀ ਦੇ ਨਾਲ ਸਹਿਯੋਗੀ ਪੜ੍ਹੇ ਲਿਖੇ ਸਾਧੂ ਦੀ ਜਰੂਰਤ ਸੀ ਜਿਸ ਕਾਰਣ ਵਿਦਿਅਕ ਅਤੇ ਵਿਗਿਆਨਕ ਯੁੱਗ ਵਿਚ ਪੜ੍ਹਾਈ ਨੂੰ ਵਿਚ ਹੀ ਤਿਆਗ ਕੇ ਡੇਰੇ ਦੇ ਕੰਮਾਂ ਵਿੱਚ ਵਿਅਸਤ ਰਹਿਣਾ ਪਿਆ। ਡੇਰੇ ਦੇ ਵਿਕਾਸ ਅਤੇ ਉਸਾਰੀ ਦੇ ਕੰਮਾਂ ਵਿਚੋਂ ਸਮਾਂ ਕੱਢ ਕੇ ਬੀ.ਏ ਕਰਨੀ ਕੋਈ ਅਸਾਨ ਕੰਮ ਨਹੀਂ। ਮਹਾਂਪੁਰਸ਼ਾਂ ਦੇ ਮਿਸ਼ਨ ਦੇ ਪ੍ਰਚਾਰ ਲਈ ਵਿਦੇਸ਼ ਜਾਣ ਪਿਛੋਂ ਡੇਰੇ ਦਾ ਸਾਰਾ ਕੰਮ ਪ੍ਰਬੰਧਕੀ ਕੰਮ ਉਸਾਰੀ ਦੇ ਕੰਮ ਅਤੇ ਮਿਸ਼ਨਰੀ ਪ੍ਰਚਾਰ ਆਪ ਹੀ ਸੰਭਾਲਦੇ ਸਨ। ਆਪਣੀ ਪੂਰੀ ਤਨਦੇਹੀ ਅਤੇ ਲਗਨ ਨਾਲ ਸਾਰੀ ਜਿੰਮੇਵਾਰੀ ਨਿਭਾਉਂਦੇ।

ਆਪ ਡੇਰੇ ਦੇ ਤਿੰਨ ਗੱਦੀ ਨਸ਼ੀਨ ਮਹਾਂ-ਪੁਰਸ਼ਾਂ ਦੇ ਚਰਨਾਂ ਵਿੱਚ ਰਹਿ ਕੇ ਸਾਧ ਸੰਗਤ ਦੀ ਸੇਵਾ ਕੀਤੀ। ਜਦੋਂ ਆਪ ਬਾਲਿਗ ਹੋ ਗਏ ਤਾਂ ਸੰਤ ਗਰੀਬ ਦਾਸ ਜੀ ਮਹਾਰਾਜ ਨੇ ਆਪ ਜੀ ਨੂੰ ਨਾਮ ਦੀ ਦਾਤ ਬਖਸ਼ਿਸ਼ ਕੀਤੀ ਅਤੇ ਕਿਹਾ ਕਿ 'ਬਾਵੇ ਤੂੰ ਪੂਰਨ ਸੰਤ ਹੈ ਅਤੇ ਤੇਰੀ ਪੜ੍ਹਾਈ ਸਮਾਜ ਦੇ ਭਲੇ ਲਈ ਕੰਮ ਆਵੇਗੀ'। ਆਪ ਦਿਨ ਰਾਤ ਪ੍ਰਭੂ ਬੰਦਗੀ ਵਿੱਚ ਜੁੜੇ ਰਹਿੰਦੇ। ਸੰਤ ਗਰੀਬ ਦਾਸ ਜੀ ਮਹਾਰਾਜ ਨੇ ਆਪ ਜੀ ਦੀ ਲਗਨ ਨੂੰ ਦੇਖਦੇ ਹੋਏ ਆਪ ਜੀ ਨੂੰ ਸੰਤ ਰਾਮਾਨੰਦ ਜੀ ਨਾਲ ਜੋੜ ਦਿੱਤਾ ਅਤੇ ਉਨ੍ਹਾਂ ਪਾਸੋਂ ਦਵਾ ਦਾਰੂ ਅਤੇ ਜੰਤਰੀ ਵਿੱਦਿਆ ਸਿੱਖਣ ਦਾ ਹੁਕਮ ਦਿੱਤਾ। ਸੰਤ ਰਾਮਾਨੰਦ ਜੀ ਨੇ ਵੱਧ ਤੋਂ ਵੱਧ ਸਮਾਂ ਦੇ ਕੇ

ਆਪ ਜੀ ਨੂੰ ਨਿਪੁੰਨ ਕੀਤਾ। ਆਪ ਜੀ ਵਲੋਂ ਇਹ ਸੇਵਾ ਅੱਜ ਤੱਕ ਵੀ ਸੰਗਤਾਂ ਲਈ ਹਾਜ਼ਿਰ ਹੈ। ਆਪ ਜੀ ਨੂੰ ਉਸ ਸਮੇਂ ਬਹੁਤ ਭਾਰੀ ਸਦਮਾ ਲੱਗਾ ਜਦੋਂ ਸ਼੍ਰੀ 108 ਸੰਤ ਰਾਮਾਨੰਦ ਜੀ ਮਹਾਰਾਜ 25 ਮਈ 2009 ਨੂੰ ਮਿਸ਼ਨ ਦਾ ਪ੍ਰਚਾਰ ਕਰਦੇ ਹੋਏ ਵਿਆਨਾ (ਆਸਟਰੀਆ)ਵਿਖੇ ਸ਼ਹੀਦ ਹੋ ਗਏ। ਬਾਪ ਸਮਾਨ ਵੱਡੇ ਭਾਈ ਦਾ ਹੱਥ ਸਿਰ ਤੋਂ ਉੱਠ ਗਿਆ। ਡੇਰੇ ਦੀ ਅਤੇ ਰਵਿਦਾਸੀਆਂ ਸਮਾਜ ਦੀ ਵਿਸ਼ਵ ਪੱਧਰ ਤੇ ਜ਼ਿੰਮੇਵਾਰੀ ਆਪ ਜੀ ਦੇ ਸਿਰ ਪੈ ਗਈ। ਸ਼੍ਰੀ 108 ਸੰਤ ਨਿਰੰਜਣ ਦਾਸ ਜੀ ਦੇ ਲੰਬੇ ਸਮੇਂ ਅਰਾਮ(ਬੈੱਡ ਰੈਸਟ) ਹੋਣ ਕਾਰਣ ਦੁੱਖਾਂ ਦੇ ਪਹਾੜ ਆਪ ਜੀ ਉੱਪਰ ਆ ਗਏ। ਪੂਰੀ ਰਵਿਦਾਸੀਆ ਕੌਮ ਸਹਿਮੀ ਹੋਈ ਸੀ। ਪੂਰੇ ਵਿਸ਼ਵ ਵਿੱਚ ਹਨੇਰੀ ਝੁਲ ਚੁੱਕੀ ਸੀ। ਲੋਕ ਰੋਸ ਵਜੋਂ ਸੜਕਾਂ ਤੇ ਉੱਤਰ ਆਏ ਸਨ ਅਤੇ ਜੋਸ਼ ਵਿੱਚ ਹੋਸ਼ ਗਵਾ ਚੁੱਕੇ ਸਨ। ਅਜਿਹੇ ਸੰਕਟਮਈ ਸਮੇਂ ਵਿਚ ਆਪ ਸਮਾਚਾਰ ਪੱਤਰਾਂ ਅਤੇ ਇਲੈਕਟ੍ਰੋਨਿਕ ਮੀਡੀਏ ਰਾਹੀਂ ਅਪੀਲਾਂ ਕਰਕੇ ਲੋਕਾਂ ਨੂੰ ਸ਼ਾਂਤ ਕੀਤਾ। ਆਪ ਨਿਮਰਤਾ ਅਤੇ ਸ਼ਾਂਤੀ ਦੇ ਮੁੱਦਈ ਸਨ। ਆਪ ਜੀ ਅੰਦਰ ਨਿਮਰਤਾ ਦੀ ਭਾਵਨਾ ਸੰਤ ਗਰੀਬ ਦਾਸ ਜੀ ਨੇ ਕੁੱਟ ਕੁੱਟ ਕੇ ਭਰੀ ਹੋਈ ਹੈ ਕਿਉਂਕਿ ਜਦੋਂ ਆਪ ਕਾਲਜ ਦੇ ਵਿਦਿਆਰਥੀ ਸਨ ਤਾਂ ਉਸ ਵਕਤ ਮਹਾਰਾਜ ਜੀ ਆਪ ਜੀ ਨੂੰ ਪਿੰਡ ਵਿੱਚ ਗਜਾ ਕਰਕੇ ਦੁੱਧ ਲਿਆਉਣ ਲਈ ਭੇਜਿਆ ਕਰਦੇ ਸਨ ਤਾਂ ਕਿ ਮਨ ਵਿੱਚ ਹਉਮੇ ਰੂਪੀ ਮੈਲ ਨਾ ਰਹੇ।

ਆਪ ਜੀ ਨੇ ਅੰਮ੍ਰਿਤਬਾਣੀ ਦੇ ਕਈ ਸਟੀਕ ਵੱਖ ਵੱਖ ਭਾਸ਼ਾਵਾਂ ਵਿਚ ਤਿਆਰ ਕਰਵਾਏ ਅਤੇ ਜਗਤਗੁਰੂ ਰਵਿਦਾਸ ਜੀ ਦੇ ਮਿਸ਼ਨ ਤੇ ਹੋਰ ਵੀ ਕਈ ਪੁਸਤਕਾਂ ਲਿਖੀਆਂ। ਸਟੀਕ ਦਾ ਅਨੁਵਾਦ ਹਿੰਦੀ,ਅੰਗਰੇਜ਼ੀ,ਡੱਚ ਅਤੇ ਮਰਾਠੀ ਭਾਸ਼ਾ ਵਿੱਚ ਕਰਵਾਇਆ ਗਿਆ ਤਾਂ ਕਿ ਵਿਦੇਸ਼ਾਂ ਵਿਚਲੀ ਨਵੀਂ ਪੀੜੀ ਆਪਣੇ ਧਾਰਮਿਕ ਵਿਰਸੇ ਨਾਲ ਜੁੜੀ ਰਹੇ। ਇੰਗਲੈਂਡ ਅਮਰੀਕਾ ਕੈਨੇਡਾ ਯੂਰਪ ਵਿਚ ਕਈ ਦੇਸ਼ਾਂ ਵਿਚ ਜਗਤਗੁਰੂ

ਰਵਿਦਾਸ ਜੀ ਮਹਾਰਾਜ ਦੇ ਮਿਸ਼ਨ ਦੇ ਪ੍ਰਚਾਰ ਲਈ ਗਏ। ਥਾਂ-ਥਾਂ ਸਤਿਸੰਗ ਕਰਕੇ ਲੋਕਾਂ ਨੂੰ ਰਵਿਦਾਸੀਆ ਮਿਸ਼ਨ ਨਾਲ ਜੁੜਨ ਦਾ ਉਪਦੇਸ਼ ਦਿੱਤਾ। ਆਪ ਵੱਖ ਵੱਖ ਪਿੰਡਾ ਅਤੇ ਸ਼ਹਿਰਾਂ ਵਿਚ ਸੰਤ ਸੰਮੇਲਨਾਂ ਵਿੱਚ ਸ਼ਮੂਲੀਅਤ ਕਰਕੇ ਲੋਕਾਂ ਨੂੰ ਗੁਰੂ ਜੀ ਦੇ ਸੱਚ ਦੇ ਉਪਦੇਸ਼ ਨਾਲ ਜੋੜਦੇ। ਲੋਕਾਂ ਦੀ ਦਵਾ ਦਾਰੂ ਅਤੇ ਜੰਤਰੀ ਵਿਦਿਆ ਰਾਹੀਂ ਸੇਵਾ ਕਰਦੇ। ਆਪ ਜੀ ਨੇ ਗੁਰੂ ਰਵਿਦਾਸ ਜੀ ਦੇ ਸੰਖੇਪ ਜੀਵਨ ਬਾਰੇ ਲਿਖਿਆ ਅਤੇ ਉਸਦਾ ਹਿੰਦੀ ਅੰਗਰੇਜ਼ੀ ਵਿਚ ਵੀ ਅਨੁਵਾਦ ਕੀਤਾ। ਜਗਤਗੁਰੂ ਰਵਿਦਾਸ ਜੀ ਮਹਾਰਾਜ ਦੀ ਅੰਮ੍ਰਿਤਬਾਣੀ ਤੇ ਇੱਕ ਪੁਸਤਕ ਸ਼੍ਰੀ 108 ਸੰਤ ਰਾਮਾਨੰਦ ਜੀ ਮਹਾਰਾਜ ਨੇ ਅੰਮ੍ਰਿਤਬਾਣੀ ਜਗਤਗੁਰੂ ਰਵਿਦਾਸ ਜੀ 2008 ਵਿਚ ਹਿੰਦੀ ਭਾਸ਼ਾ ਵਿਚ ਪੁਸਤਕ ਤਿਆਰ ਕਰਵਾਈ ਜਿਸ ਵਿਚ 149 ਸ਼ਬਦ ਤੇ 194 ਦੋਹੇ ਸਨ। ਇਸ ਤੋਂ ਬਾਅਦ ਆਪ ਨੇ ਅੰਮ੍ਰਿਤਬਾਣੀ ਗ੍ਰੰਥ ਤਿਆਰ ਕੀਤਾ। ਜਿਸ ਵਿਚ 140 ਸ਼ਬਦ ਤੇ 231 ਸਲੋਕ ਸ਼ਾਮਿਲ ਕੀਤੇ ਗਏ। 40 ਪਦੇ,ਵਿਆਹ ਦੀ ਵਿਧੀ,ਬਾਰ੍ਹਾਂ ਮਾਹ ਉਪਦੇਸ਼ ਸੰਤ ਖਜ਼ਾਨ ਗਿਰ ਜੀ ਪਠਾਨਕੋਟ ਵਾਲੇ ਅਤੇ ਸੰਤ ਬੈਰਾਗ ਦਾਸ ਜੀ ਭੂਸ਼ਨਪੁਰ(ਅੰਮ੍ਰਿਤਸਰ) ਪਾਸੋਂ ਪ੍ਰਾਪਤ ਕੀਤੇ। ਪੈਂਤੀਸ ਅੱਖਰੀ,ਹਫਤਾਵਾਰੀ ਪੰਦਰਾਂ ਤਿੱਥੀਆਂ ਪ੍ਰਾਚੀਨ ਗ੍ਰੰਥਾ ਤੋਂ ਪ੍ਰਾਪਤ ਕਰਕੇ ਅੰਮ੍ਰਿਤਬਾਣੀ ਜਗਤਗੁਰੂ ਰਵਿਦਾਸ ਮਹਾਰਾਜ ਜੀ ਵਿੱਚ ਦਰਜ ਕਰਕੇ ਰਵਿਦਾਸੀਆ ਸਮਾਜ ਨੂੰ ਅੰਮ੍ਰਿਤਬਾਣੀ ਗ੍ਰੰਥ ਭੇਂਟ ਕੀਤਾ। ਮਿਤੀ 30 ਜਨਵਰੀ 2010 ਨੂੰ ਜਗਤਗੁਰੂ ਰਵਿਦਾਸ ਨਾਮ ਲੇਵਾ ਲੱਖਾਂ ਦੀ ਗਿਣਤੀ ਵਿਚ ਸੰਗਤ ਅਤੇ ਸੰਤ ਸਮਾਜ ਦੀ ਹਾਜ਼ਰੀ ਵਿੱਚ ਸ਼੍ਰੀ 108 ਸੰਤ ਨਿੰਰਜਣ ਦਾਸ ਜੀ ਚੇਅਰਮੈਨ ਅਤੇ ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਉੱਪ ਚੇਅਰਮੈਨ ਸ਼੍ਰੀ ਗੁਰੂ ਰਵਿਦਾਸ ਜਨਮ ਅਸਥਾਨ ਪਬਲਿਕ ਚੈਰੀਟੇਬਲ ਟਰੱਸਟ ਦੀ ਸਰਪ੍ਰਸਤੀ ਹੇਠ ਇੱਕ ਇਤਿਹਾਸਕ ਐਲਾਨ ਨਾਮਾ (ਹੁਕਮਨਾਮਾ) ਜਾਰੀ ਕੀਤਾ ਗਿਆ ਜਿਸ ਵਿਚ ਸ਼੍ਰੀ ਅਮ੍ਰਿਤਬਾਣੀ ਗ੍ਰੰਥ ਸਾਹਿਬ ਨੂੰ ਮੰਨਣ ਅਤੇ ਰਵਿਦਾਸੀਆ ਧਰਮ

ਲਿਖਵਾਉਣ ਦਾ ਐਲਾਨ ਕੀਤਾ ਗਿਆ। ਇਸ ਸਤਿਕਾਰਤ ਕੰਮ ਲਈ ਸਾਡੇ ਮਹਾਂ-ਪੁਰਸ਼ਾਂ ਦਾ ਬਹੁਤ ਪੁਰਾਣਾ ਸੁਪਨਾ ਸੀ ਜੋ ਆਪ ਜੀ ਦੀ ਸਖਤ ਘਾਲਣਾ ਨਾਲ ਪੂਰਾ ਹੋ ਸਕਿਆ। ਅੱਜ ਬੜੀ ਅਣਖ ਨਾਲ ਲੋਕ ਆਪਣਾ ਰਵਿਦਾਸੀਆ ਧਰਮ ਲਿਖਾ ਰਹੇ ਹਨ ਅਤੇ ਆਪਣੇ ਸਾਰੇ ਦੁੱਖ ਸੁੱਖ ਦੇ ਕਾਰਜ ਸ਼੍ਰੀ ਅਮ੍ਰਿਤਬਾਣੀ ਗ੍ਰੰਥ ਨਾਲ ਕਰ ਰਹੇ ਹਨ। ਸਭ ਲੋਕ ਜੋ ਰਵਿਦਾਸੀਆ ਧਰਮ ਨੂੰ ਮੰਨਣ ਵਾਲੇ ਹਨ ਇੱਕ ਦੂਸਰੇ ਨੂੰ 'ਜੈ ਗੁਰਦੇਵ' ਕਹਿ ਕੇ ਪੁਕਾਰਦੇ ਹਨ। ਸ਼੍ਰੀ 108 ਸੰਤ ਸਰਵਣ ਦਾਸ ਜੀ ਮਹਾਰਾਜ ਦੇ ਚਰਨਾਂ ਵਿਚੋਂ ਵਰੋਸਾਏ ਹੋਣ ਕਾਰਨ ਆਪ ਜੀ ਦੇ ਰਹਿਣ ਸਹਿਣ ਦਾ ਢੰਗ ਆਚਰਣ ਸ਼ੁੱਧਤਾ ਵਿਅਕਤੀਤਵ ਉਹਨਾਂ ਦੇ ਅਸੂਲਾਂ ਮੁਤਾਬਿਕ ਹੈ। ਜਗਤਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਦੀ ਸੁਵਿਧਾ ਲਈ ਨਿੱਤ ਨੇਮੀ ਬਣਨ ਲਈ ਸੁੱਖਸਾਗਰ ਗੁਟਕਾ ਸਾਹਿਬ ਤਿਆਰ ਕਰਵਾਏ। ਆਪ ਬੇਗਮਪੁਰਾ ਪੱਤ੍ਰਿਕਾ ਦੇ ਮੁੱਖ ਸੰਪਾਦਕ ਅਤੇ ਸ਼੍ਰੀ ਗੁਰੂ ਰਵਿਦਾਸ ਸਾਹਿਤ ਸੰਸਥਾ ਦੇ ਚੇਅਰਮੈਨ ਵੀ ਰਹੇ। ਭਾਰਤੀਆ ਦਲਿਤ ਸਾਹਿਤ ਅਕਾਦਮੀ ਦਿੱਲੀ ਵੱਲੋਂ ਆਪ ਜੀ ਸ਼੍ਰੀ ਗੁਰੂ ਰਵਿਦਾਸ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਸਮੇਂ ਦੀ ਕਰਵਟ ਅਨੁਸਾਰ ਆਪ ਜੀ ਨੂੰ ਆਪਣਾ ਰੈਣ-ਬਸੇਰਾ ਪਿੰਡ ਕਾਹਨਪੁਰ ਵਿਖੇ ਬਣਾਉਣਾ ਪਿਆ। ਜਿਥੋਂ ਰਵਿਦਾਸੀਆਂ ਧਰਮ ਦੇ ਪ੍ਰਚਾਰ ਦੇ ਸਿਰਤੋੜ ਯਤਨ ਕੀਤੇ ਜਾ ਰਹੇ ਹਨ। ਅੱਜ ਅਨੇਕਾਂ ਹੀ ਦੇਸ਼ ਪ੍ਰਦੇਸ਼ ਦੀਆਂ ਸੰਗਤਾਂ,ਸਵੈ ਸੇਵੀ ਸੰਸਥਾਵਾਂ,ਧਾਰਮਿਕ ਅਤੇ ਸਮਾਜਿਕ ਆਗੂ ਰਾਜਨੀਤਿਕ ਨੇਤਾ ਗਣ ਇਸ ਪਾਵਣ ਅਸਥਾਨ ਤੇ ਹਾਜਰੀ ਭਰਨ ਆਉਂਦੇ ਹਨ। ਕੁਝ ਲਿਖਤਾਂ ਅਤੇ ਦੰਦ ਕਥਾਵਾਂ ਤੋਂ ਪਤਾ ਚਲਦਾ ਹੈ ਕਿ ਜਦੋਂ ਬਾਬਾ ਪਿੱਪਲ ਦਾਸ ਜੀ ਅਤੇ ਉਨ੍ਹਾਂ ਦੇ ਸਪੁੱਤਰ ਸੰਤ ਸਰਵਣ ਦਾਸ ਜੀ ਮਹਾਰਾਜ ਪਿੰਡ ਬੱਲਾਂ ਵਿਖੇ ਪਹਿਲੀ ਵਾਰ ਆਏ ਸਨ। ਉਨ੍ਹਾਂ ਨੇ ਪਹਿਲਾਂ ਕਾਹਨਪੁਰ ਵਿਚ ਚਰਨ ਪਾਏ ਸਨ। ਪਿੰਡ ਦੇ ਬਜੁਰਗਾਂ ਦੇ ਦੱਸਣ ਮੁਤਾਬਕ ਇਸ ਨਗਰ ਦੀਆਂ

ਸੰਗਤਾਂ ਨੇ ਮਹਾਂਪੁਰਸ਼ਾਂ ਨੂੰ ਕਾਹਨਪੁਰ ਵਿਚ ਹੀ ਰਹਿਣ ਦੀ ਬੇਨਤੀ ਕੀਤੀ। ਬਾਬਾ ਪਿੱਪਲ ਦਾਸ ਜੀ ਮਹਾਰਾਜ ਜਦੋਂ ਉਸ ਸਮੇਂ ਦੀਆ ਸੰਗਤਾਂ ਦੀ ਹਾਜਰੀ ਵਿਚ ਆਪਣਾ ਸਿਰ ਢੱਕਣ ਭਾਵ ਕੁੱਟੀਆ ਬਨਾਉਣ ਲਈ ਨੀਂਹ ਪੁੱਟਣ ਲੱਗੇ ਤਾਂ ਉਥੋਂ ਦੋ ਮੂੰਹੀ(ਡਮੂੰਹੀ) ਦੀ ਖੁੱਡ ਨਿਕਲੀ। ਬਾਬਾ ਜੀ ਉੱਥੇ ਹੀ ਕਹੀ ਸੁੱਟ ਕੇ ਸੰਤ ਸਰਵਣ ਦਾਸ ਜੀ ਨੂੰ ਨਾਲ ਲੈ ਕੇ ਚੱਲ ਪਏ ਅਤੇ ਕਿਹਾ ਕਿ ਚਲੋ ਭਰਾਵੋ, "ਆਪਾਂ ਕਿਸੇ ਦਾ ਘਰ ਉਜਾੜ ਕੇ ਘਰ ਨਹੀਂ ਵਸਾਉਣਾ"। ਆਪ ਪਿੰਡ ਬੱਲਾਂ ਆ ਗਏ। ਪਿੰਡ ਕਾਹਨਪੁਰ ਦੀਆਂ ਸੰਗਤਾਂ ਦੇ ਤਰਲੇ ਕਰਨ ਤੇ ਬਾਬਾ ਜੀ ਨੇ ਕਿਹਾ ਫਿਰ ਕਦੇ ਸਮਾਂ ਮਿਲਿਆ ਤਾਂ ਜਰੂਰ ਆਵਾਂਗੇ। ਸ਼ਾਇਦ ਅੱਜ ਤਦ ਹੀ ਉਨ੍ਹਾਂ ਮਹਾਂ-ਪੁਰਸ਼ਾਂ ਦਾ ਪ੍ਰਚਾਰ ਏਸ ਨਗਰ ਦੀ ਪਾਵਨ ਧਰਤੀ 'ਤੇ ਹੋ ਰਿਹਾ ਹੈ। ਆਪ ਸਾਰੇ ਧਰਮਾਂ,ਸਰਬ ਮਹਾਂ-ਪੁਰਸ਼ਾਂ ਦਾ ਸਤਿਕਾਰ ਕਰਦੇ ਹਨ। ਆਪ ਨਸ਼ਿਆਂ ਅਤੇ ਭਰੂਣ ਹੱਤਿਆ ਵਰਗੀਆਂ ਲਾਹਨਤਾਂ ਦੇ ਸਖ਼ਤ ਵਿਰੋਧੀ ਹਨ ਆਪ ਹਮੇਸ਼ਾਂ ਸੱਚ ਦਾ ਉਪਦੇਸ਼ ਦਿੰਦੇ ਹਨ ਅਤੇ ਝੂਠ-ਫਰੇਬ ਆਦਿ ਦੇ ਸਖ਼ਤ ਵਿਰੋਧੀ ਹਨ। ਆਪਣੇ ਬੱਚਿਆਂ ਨੂੰ ਵਿਦਿਆ ਦਿਓ ਅਤੇ ਬਜੁਰਗਾਂ ਦਾ ਸਤਿਕਾਰ ਕਰੋ ਬਾਰੇ ਆਪ ਅਕਸਰ ਨੌਜਵਾਨਾਂ ਨੂੰ ਸਮਝਾਉਂਦੇ ਰਹਿੰਦੇ ਹਨ। ਆਪ ਕਿਹਾ ਕਰਦੇ ਹਨ ਕਿ ਸਾਨੂੰ ਆਪਣੇ ਰਵਿਦਾਸੀਆ ਧਰਮ ਜਗਤਗੁਰੂ ਰਵਿਦਾਸ ਜੀ ਮਹਾਰਾਜ ਦੇ ਮਿਸ਼ਨ ਅਤੇ ਅਮ੍ਰਿਤਬਾਣੀ ਦਾ ਪ੍ਰਚਾਰ ਕਰਨਾ ਚਾਹੀਦਾ ਹੈ।

ਇਥੇ ਵਰਨਣਯੋਗ ਹੈ ਕਿ ਕੁਝ ਲੋਕ ਮਨਘੜਤ ਕਹਾਣੀਆਂ ਬਣਾ ਕੇ ਇਹੋ ਜਿਹੇ ਪ੍ਰਚਾਰ ਕਰਦੇ ਹਨ ਕਿ ਬਾਵਾ ਜੀ ਨੇ ਅਲੱਗ ਡੇਰਾ ਬਣਾ ਲਿਆ ਹੈ,ਉਹ ਲੋਕ ਭੁਲੇਖੇ ਵਿੱਚ ਹਨ ਬਾਵਾ ਜੀ ਆਪਣੇ ਡੇਰੇ ਦੇ ਮਹਾਂ-ਪੁਰਸ਼ਾਂ ਦਾ ਪੂਰਾ ਸਤਿਕਾਰ ਕਰਦੇ ਹਨ। ਉਨ੍ਹਾਂ ਨੇ ਸਿਰਫ਼ ਆਪਣੀਆਂ ਸੰਗਤਾਂ ਦੀ ਸੁਵਿਧਾ ਵਾਸਤੇ ਇਹ ਉਪਰਾਲਾ ਕੀਤਾ ਹੈ ਜੋ ਸਮੁੱਚੀ ਰਵਿਦਾਸੀਆਂ ਕੌਮ ਦਾ ਹੀ ਕੇਂਦਰ ਹੈ। ਇੱਥੇ ਸਿਰਫ਼ ਰਵਿਦਾਸੀਆ ਧਰਮ ਦਾ ਪ੍ਰਚਾਰ

ਹੁੰਦਾ ਹੈ ਅਤੇ ਅਮ੍ਰਿਤਬਾਣੀ ਦੇ ਜਾਪ ਹੁੰਦੇ ਹਨ। ਇਥੇ ਡੇਰਾ ਬਣਾਉਣ ਦੀ ਕੋਈ ਯੋਜਨਾ ਨਹੀਂ ਅਤੇ ਨਾ ਹੀ ਬਾਵਾ ਜੀ ਆਪਣੇ ਆਪ ਨੂੰ ਡੇਰਾ ਬਣਾਉਣ ਦੇ ਸਮਰੱਥ ਸਮਝਦੇ ਹਨ। ਬਾਵਾ ਜੀ ਦਾ ਮੰਨਣਾ ਹੈ ਕਿ ਉਹ ਰਵਿਦਾਸੀਆ ਧਰਮ ਨੂੰ ਸਮਰਪਿਤ ਹਨ ਅਤੇ ਜਿਸ ਜਗ੍ਹਾ ਵੀ ਸੁਆਮੀ ਸਰਵਣ ਦਾਸ ਜੀ ਮਹਾਰਾਜ ਨੇ ਉਨ੍ਹਾਂ ਨੂੰ ਰੱਖਣਾ ਹੈ ਉੱਥੇ ਹੀ ਜਗਤਗੁਰੂ ਰਵਿਦਾਸ ਜੀ ਅਤੇ ਸੁਆਮੀ ਸਰਵਣ ਦਾਸ ਜੀ ਦੇ ਮਿਸ਼ਨ 'ਤੇ ਚਲਕੇ ਆਪਣੀ ਡਿਊਟੀ ਨਿਭਾਉਣੀ ਹੈ। ਇਸ ਪਾਵਨ ਸਥਾਨ ਦਾ ਨਾਮ ਵੀ ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਰੱਖਿਆ ਗਿਆ ਹੈ। ਉਨ੍ਹਾਂ ਦਾ ਇਹ ਵੀ ਮੰਨਣਾ ਹੈ ਕਿ ਜੋ ਕੇਂਦਰ ਤਿਆਰ ਹੋ ਰਹੇ ਹਨ ਉਸਦੀ ਸਮੁੱਚੀ ਰਵਿਦਾਸੀਆ ਕੌਮ ਹੀ ਵਾਰਿਸ ਹੈ ਨਾ ਕੇ ਮੇਰਾ ਕੋਈ ਪਰਿਵਾਰਕ ਮੈਂਬਰ ਜਾਂ ਕੋਈ ਰਿਸ਼ਤੇਦਾਰ। ਸਾਧੂਆ ਦਾ ਪਰਿਵਾਰ ਉਨ੍ਹਾਂ ਦੀ ਸੰਗਤ ਹੀ ਹੁੰਦੀ ਹੈ। ਇਸ ਲਈ ਇਹ ਗੱਲ ਸਪੱਸ਼ਟ ਕੀਤੀ ਜਾਂਦੀ ਹੈ ਕਿ ਕਾਹਨਪੁਰ ਸਥਿਤ ਪ੍ਰਚਾਰ ਕੇਂਦਰ ਸੰਗਤ ਦੀ ਮਾਇਆ ਨਾਲ ਹੀ ਤਿਆਰ ਕੀਤਾ ਜਾ ਰਿਹਾ ਹੈ ਜਿਸ ਦੀ ਦੂਸਰੀ ਮੰਜ਼ਿਲ ਯੂਰਪ ਦੀ ਸੰਗਤ ਵਲੋਂ ਤਿਆਰ ਕੀਤੀ ਗਈ ਹੈ। ਇਹ ਸਮੁੱਚੀ ਬਿਲਡਿੰਗ ਸੰਗਤਾਂ ਖੁਦ ਹੀ ਆਪਣੇ ਵਾਸਤੇ ਤਿਆਰ ਕਰਵਾ ਰਹੀਆਂ ਹਨ। ਬਾਵਾ ਜੀ ਆਪਣੇ ਆਪ ਨੂੰ ਇੱਕ ਸੇਵਾਦਾਰ ਸਮਝ ਕੇ ਤੇ ਸੰਸਥਾਪਕ ਹੋਣ ਨਾਤੇ ਡਿਊਟੀ ਨਿਭਾਅ ਰਿਹੇ ਹਨ। ਅੱਜ ਇਸ ਕੇਂਦਰ ਤੇ ਪੂਰੇ ਵਿਸ਼ਵ ਵਿੱਚ ਪ੍ਰਚਾਰ ਕਰਨ ਦੇ ਉਪਰਾਲੇ ਹੋ ਰਹੇ ਹਨ ਬੀਤੇ ਦਿਨੀ ਸੰਤ ਸੁਰਿੰਦਰ ਦਾਸ ਬਾਵਾ ਜੀ ਇਟਲੀ,ਪੁਰਤਗਾਲ ਅਤੇ ਵਿਆਨਾ ਦੀਆਂ ਸੰਗਤਾਂ ਅਤੇ ਬਾਅਦ ਵਿਚ ਗਰੀਸ ਦੀਆਂ ਸੰਗਤਾਂ ਨੂੰ ਜਗਤਗੁਰੂ ਰਵਿਦਾਸ ਜੀ ਮਹਾਰਾਜ ਦੀ ਅੰਮ੍ਰਿਤਬਾਣੀ ਨਾਲ ਕ੍ਰਿਤਾਰਥ ਕਰਕੇ ਵਾਪਿਸ ਪਰਤੇ ਹਨ। ਸੰਗਤਾਂ ਵਿਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਆਪ ਸ਼੍ਰੀ 108 ਸੰਤ ਰਾਮਾ ਨੰਦ ਜੀ ਦੇ ਸ਼ਹੀਦ ਹੋ ਜਾਣ ਪਿਛੋਂ ਪ੍ਰਚਾਰ ਵਿਚ ਜੋ ਖੜੋਤ ਆਈ

ਹੈ,ਉਸਨੂੰ ਪੂਰਾ ਕਰਨ ਲਈ ਦਿਨ ਰਾਤ ਇੱਕ ਕਰ ਰਹੇ ਹਨ। ਬਾਵਾ ਜੀ ਅੰਦਰ ਮਿਸ਼ਨ ਪ੍ਰਤੀ ਪ੍ਰੇਮ ਭਾਵਨਾ ਨੂੰ ਦੇਖਦੇ ਹੋਏ ਰਵਿਦਾਸੀਆ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਯੂਰਪ ਦੀਆਂ ਸੰਗਤਾਂ ਵੱਲੋਂ ਇਕ ਸਫਾਰੀ ਗੱਡੀ ਭੇਂਟ ਕੀਤੀ ਗਈ ਹੈ।

ਕਾਹਨਪੁਰ ਸਥਿਤ ਪ੍ਰਚਾਰ ਅਸਥਾਨ ਵਿਚ ਸੰਗਤਾਂ ਵਾਸਤੇ ਚਾਹ ਪਾਣੀ ਅਤੇ ਲੰਗਰ ਦੀ ਵਿਵਸਥਾ ਹੈ। ਬਾਥਰੂਮ,ਲੈਟਰੀਨ ਭਾਈਆ ਅਤੇ ਬੀਬੀਆਂ ਲਈ ਵੱਖਰਾ-2 ਪ੍ਰਬੰਧ ਕੀਤਾ ਗਿਆ ਹੈ। ਹਰ ਐਤਵਾਰ,ਸੰਗਰਾਂਦ ਅਤੇ ਮਹਾਂ-ਪੁਰਸ਼ਾਂ ਦੀਆਂ ਬਰਸੀਆਂ ਤੇ ਸਮਾਗਮ ਹੁੰਦੇ ਹਨ। ਜਿਸ ਵਿਚ ਕੌਮ ਦੇ ਮਿਸ਼ਨਰੀ ਗਾਇਕ,ਕਥਾ ਵਾਚਕ ਅਤੇ ਕੀਰਤਨੀ ਜੱਥੇ ਭਾਗ ਲੈਂਦੇ ਹਨ। ਸੰਗਤਾਂ ਸਵੇਰ ਤੋਂ ਹੀ ਸੇਵਾ ਵਿਚ ਜੁੱਟ ਜਾਂਦੀਆਂ ਹਨ। ਪੰਜਾਬ,ਹਰਿਆਣੇ,ਹਿਮਾਚਲ,ਦਿੱਲੀ ਅਤੇ ਦੇਸ਼ ਵਿਦੇਸ਼ ਤੋਂ ਸੰਗਤਾਂ ਅਕਸਰ ਆਉਂਦੀਆ ਰਹਿੰਦੀਆਂ ਹਨ। ਵੱਖ ਵੱਖ ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਤੋਂ ਇਲਾਵਾ ਸਿਆਸੀ ਪਾਰਟੀਆਂ ਦੇ ਨੁੰਮਾਇਦੇ ਵੀ ਦਰਸ਼ਨਾਂ ਲਈ ਪੁੱਜਦੇ ਹਨ। ਇਹ ਦਰਬਾਰ ਨਿਰੋਲ ਗੈਰ-ਰਾਜਨੀਤਿਕ ਦਰਬਾਰ ਹੈ ਅਤੇ ਸਭਨਾਂ ਦਾ ਸਤਿਕਾਰ ਕਰਦਾ ਹੈ। ਇੱਥੇ ਸਰਬੱਤ ਦਾ ਭਲਾ ਹੀ ਮੰਗਿਆ ਜਾਂਦਾ ਹੈ। ਦਰਬਾਰ ਦੀ ਉਸਾਰੀ ਵਾਸਤੇ ਜਗ੍ਹਾ ਸ਼੍ਰੀ ਐੱਮ.ਡੀ,ਮੰਗਾ ਸਰਪੰਚ ਕਾਹਨਪੁਰ ਦੇ ਪਰਿਵਾਰ ਵਲੋਂ ਦਾਨ ਵਜੋਂ ਦਿੱਤੀ ਗਈ ਹੈ ਅਤੇ ਕੁਝ ਨਾਲ ਲੱਗਦੀ ਸੰਗਤਾਂ ਵਲੋਂ ਖਰੀਦੀ ਗਈ ਹੈ। ਵੱਡੇ ਹਾਲ ਦੀ ਉਸਾਰੀ ਮੁਕੰਮਲ ਹੋ ਚੁੱਕੀ ਹੈ। ਲੋੜਵੰਦ ਬੱਚੀਆ ਦੀ ਸ਼ਾਦੀ ਅਤੇ ਗਰੀਬ ਬੱਚਿਆਂ ਦੀ ਪੜ੍ਹਾਈ ਵਿਚ ਸਹਾਇਤਾ ਲਈ ਹਮੇਸ਼ਾ ਤੱਤਪਰ ਰਹਿੰਦੇ ਹਨ।

ਜਿਥੇ ਆਪ ਸੰਗਤਾਂ ਨੂੰ ਬੇਗਮਪੁਰਾ ਸ਼ਹਿਰ ਵਾਰੇ ਵਰਣਨ ਕਰਦੇ ਹਨ ਕਿ ਇਹ ਕੋਈ ਇੱਟਾਂ ਸੀਮਿੰਟ ਦਾ ਬਣਿਆ ਹੋਇਆ ਸ਼ਹਿਰ ਨਹੀਂ ਹੈ। ਮੁੱਹਲਿਆਂ ਜਾਂ ਮੰਦਿਰਾਂ ਦੇ ਨਾਮ ਅਸੀਂ ਪ੍ਰੇਮ ਵੱਸ ਜਾਂ ਬਾਹਰਮੁੱਖੀ ਹੁੰਦੇ ਹੋਏ ਰੱਖਦੇ ਹਾਂ। ਜਗਤਗੁਰੂ ਰਵਿਦਾਸ ਜੀ ਮਹਾਰਾਜ ਜੀ ਨੇ ਬੇਗਮਪੁਰੇ ਦਾ ਸੰਕਲਪ ਅੰਦਰਲੀ ਅਵੱਸਥਾ

ਨਾਲ ਕੀਤਾ ਹੈ। ਜਿਥੇ ਪ੍ਰੇਮ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਧਾਰਮਿਕ ਆਜਾਦੀ ਦੀ ਗੱਲ ਕਰਦਿਆਂ ਆਪ ਦੱਸਦੇ ਹਨ ਕਿ ਅੱਜ ਧਾਰਮਿਕ ਅਸਥਾਨਾਂ ਦੇ ਦਰਵਾਜੇ ਉਹ ਹੀ ਬੰਦ ਕਰ ਸਕਦਾ ਹੈ ਜਿਸਨੂੰ ਇਹ ਗਿਆਨ ਨਹੀਂ ਕਿ ਇਹ ਅਜ਼ਾਦੀ ਸਾਨੂੰ ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਅਨੇਕਾਂ ਕਸ਼ਟ ਝੱਲਕੇ ਲੈ ਕੇ ਦਿੱਤੀ ਹੈ ਅਤੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੇ ਵਿਸ਼ਵ ਨੂੰ ਬੇਗਮਪੁਰੇ ਵਤਨ ਬਣਾਉਣ ਦਾ ਸੰਕਲਪ ਦਿੱਤਾ ਜਿਨ੍ਹਾਂ ਨੂੰ ਵਿਸ਼ਵ ਦੀ ਸਭ ਤੋਂ ਵੱਡੀ ਸੰਸਥਾ U.N.O ਨੇ ਆਪਣੇ ਏਜੰਡੇ ਵਿਚ ਲਿਆ। ਮਾਨਵਤਾ ਦੇ ਮਸੀਹਾ ਡਾ. ਭੀਮ ਰਾਉ ਅੰਬੇਡਕਰ ਜੀ ਨੇ ਭਾਰਤੀ ਸੰਵਿਧਾਨ ਬਣਾ ਕੇ ਜਿਸ ਸੰਕਲਪ ਨੂੰ ਅਮਲੀ ਜਾਮਾ ਪਹਿਨਾਇਆ। ਧਾਰਮਿਕ ਅਜ਼ਾਦੀ ਲਈ ਹੀ ਸ੍ਰੀ 108 ਸੰਤ ਰਾਮਾਨੰਦ ਜੀ ਮਹਾਰਾਜ ਨੂੰ ਕੁਰਬਾਨੀ ਦੇਣੀ ਪਈ। ਜੋ ਲੋਕ ਅੱਜ ਵੀ ਅਜਿਹੀਆਂ ਹਰਕਤਾਂ ਕਰਦੇ ਹਨ ਤਾਂ ਉਹ ਕਾਨੂੰਨ ਦੁਆਰਾ ਮਿਲਣ ਵਾਲੀ ਸਜਾ ਤੋਂ ਵਾਕਿਫ ਨਹੀਂ ਹਨ ਗਿਆਨ ਦੇ ਅੰਨੇ ਹਨ। ਗਿਆਨ ਵਿਹੂਣੇ ਵਿਅਕਤੀ ਹੀ ਗਲਤੀਆਂ ਕਰਦੇ ਹਨ ਅਤੇ ਮਨ-ਵੱਸ ਹੋ ਕੇ ਦੂਸਰੇ ਲੋਕਾਂ ਨੂੰ ਦੁੱਖ ਦਿੰਦੇ ਹਨ। ਆਪ ਸੁੰਦਰ ਮਿਸਾਲ ਦਿੰਦੇ ਹਨ ਕਿ ਜਗਤਗੁਰੂ ਰਵਿਦਾਸ ਜੀ ਮਹਾਰਾਜ ਆਪਣੀ ਅੰਮ੍ਰਿਤਬਾਣੀ ਵਿਚ ਫਰਮਾਉਂਦੇ ਹਨ 'ਮਾਧਉ ਅਬਿਦਿਆ ਹਿਤ ਕੀਨ ਬਿਬੇਕ ਦੀਪ ਮਲੀਨ'। ਇਸ ਲਈ ਵਿੱਦਿਆ ਦੀ ਪ੍ਰਾਪਤੀ ਜਰੂਰੀ ਹੈ। ਬਾਵਾ ਜੀ ਸੁੰਦਰ ਉਪਦੇਸ਼ ਬਖਸ਼ਿਸ਼ ਕਰਦੇ ਹਨ ਕਿ 'ਸਤ ਸੰਗਤਿ ਮਿਲ ਰਹੀਏ ਮਾਧਉ ਜੈਸੇ ਮਧੁਪ ਮਖੀਰਾ'। ਗੁਰੂ ਜੀ ਦੀ ਬਾਣੀ ਦਾ ਅਸੀਂ ਸਾਰੇ ਹੀ ਜ਼ਿਕਰ ਕਰਦੇ ਹਾਂ ਪਰ ਅਸੀਂ ਆਪ ਅਲੱਗ ਹੋਏ ਬੈਠੇ ਹਾਂ ਸਭ ਦੇ ਵੱਖਰੇ ਵੱਖਰੇ ਰਾਹ ਹਨ ਅਸੀਂ ਗੁਰੂ ਸਾਹਿਬ ਦੇ ਉਪਦੇਸ਼ ਤੇ ਕਿੰਨਾ ਕੁ ਪਹਿਰਾ ਦਿੰਦੇ ਹਾਂ। ਕਿੰਨੇ ਲੋਕ ਹਨ ਜੋ ਸੱਚ ਦਾ ਸੰਗ ਕਰਦੇ ਹਨ ਅਤੇ ਸੱਚ ਦਾ ਸਾਥ ਦੇਣ ਵਾਲੇ ਹਨ। ਇਸ ਬਾਰੇ ਆਉਣ ਵਾਲੀਆਂ ਪੀੜ੍ਹੀਆਂ ਲਈ ਅਸੀਂ ਜਵਾਬ ਦੇਹ ਹਾਂ। ਸ੍ਰੀ ਗੁਰੂ ਰਵਿਦਾਸ ਨਾਮ ਲੇਵਾ ਸੰਗਤ ਹਨੇਰ ਵਿਚ ਨਹੀਂ

ਬੈਠੇਗੀ। ਮੈਨੂੰ ਯਾਦ ਹੈ ਕਿ ਮੇਰੀ ਇੱਕ ਪੁਸਤਕ ਡੇਰਾ ਸੱਚਖੰਡ ਬੱਲਾਂ ਦੀ ਇਤਿਹਾਸਕ ਗਾਥਾ ਜੋ 2000 ਵਿਚ ਵਿਸਾਖੀ ਦੇ ਪਵਿੱਤਰ ਦਿਹਾੜੇ ਤੇ ਸੰਗਤ ਅਰਪਣ ਕੀਤੀ ਗਈ ਸੀ। ਉਸ ਪੁਸਤਕ ਵਿਚ ਲਿਖਣ ਵਾਸਤੇ ਮੈਂ ਜਦੋਂ ਬਾਵਾ ਜੀ ਤੋਂ ਉਨ੍ਹਾਂ ਸਬੰਧੀ ਕੁਝ ਜਾਨਣਾ ਚਾਹਿਆ ਤਾਂ ਉਨ੍ਹਾਂ ਨੇ ਮੈਨੂੰ ਜਵਾਬ ਦਿੱਤਾ ਸੀ ਕਿ ਆਪ ਡੇਰੇ ਦੇ ਵੱਡੇ ਮਹਾਂ-ਪੁਰਸ਼ਾਂ ਬਾਰੇ ਹੀ ਲਿਖੋ ਉਨ੍ਹਾਂ ਦੀ ਡੇਰੇ ਅਤੇ ਮਿਸ਼ਨ ਨੂੰ ਬਹੁਤ ਦੇਣ ਹੈ। ਮੈਨੂੰ ਸੱਚ ਮੁੱਚ ਹੀ ਬਾਵਾ ਜੀ ਦੇ ਵਿਚਾਰਾਂ ਦੀ ਕਦਰ ਕਰਦੇ ਹੋਏ ਉਨ੍ਹਾਂ ਦਾ ਹੁਕਮ ਮੰਨਣਾ ਪਿਆ। ਹੱਥਲੀ ਲਿਖਤ ਲਿਖਣ ਲਈ ਮੇਰੀ ਕਲਮ ਮਜਬੂਰ ਹੈ ਕਿਉਂਕਿ ਹੋ ਸਕਦਾ ਹੈ ਜੋ ਲਾਇਨਾਂ ਲਿਖ ਚੁੱਕਾਂ ਹਾਂ ਆਉਂਣ ਵਾਲੇ ਸਮੇਂ ਵਿਚ ਬਹੁਤੇ ਲੇਖਕ ਇਨ੍ਹਾਂ ਤੋਂ ਵਾਕਿਫ਼ ਨਾ ਹੋਣ। ਇਹ ਸਾਰੀ ਗਾਥਾ ਲਿਖਣ ਦਾ ਮਕਸਦ ਕੇਵਲ ਮਹਾਂ-ਪੁਰਸ਼ਾਂ ਦੀ ਵਡਿਆਈ ਹੀ ਨਹੀਂ,ਸਗੋਂ ਆਪਣੇ ਵਿਰਸੇ ਨੂੰ ਸੰਭਾਲਣ ਦਾ ਵੀ ਹੈ। ਲੇਖਕ ਦਾ ਇਹ ਸਭ ਲਿਖਣ ਦਾ ਕਾਰਨ ਇੱਕ ਪੜ੍ਹੇ ਲਿਖੇ ਸੰਤ ਉੱਚੀ ਸੋਚ ਦੇ ਵਿਦਵਾਨ ਦੀ ਗਾਥਾ ਲਿਖਣ ਤੋਂ ਹੈ ਨਾ ਕਿ ਝੂਠੀ ਵਡਿਆਈ ਕਰਨ ਤੋਂ।

ਆਉ ਮਨਾਂ ਵਿਚੋਂ ਕੁੜੱਤਣ ਕੱਢ ਕੇ ਅਜਿਹੇ ਵਿਰਸੇ ਨੂੰ ਸੰਭਾਲੀਏ। ਸਮਾਜ ਵਿਚ ਪੈਦਾ ਹੋਏ ਵਿਦਵਾਨ ਸੰਤਾਂ ਮਹਾਂ-ਪੁਰਸ਼ਾਂ ਦੇ ਲੜ ਲੱਗੀਏ,ਮਿਸ਼ਨ ਪ੍ਰਤੀ ਉਨ੍ਹਾਂ ਦਾ ਸਾਥ ਦੇਈਏ। ਕਿਧਰੇ ਅਜਿਹਾ ਨਾ ਹੋਵੇ ਕਿ ਆਉਣ ਵਾਲੇ ਸਮੇਂ ਵਿਚ ਕੋਈ ਵੀ ਮਾਤਾ-ਪਿਤਾ ਆਪਣੇ ਪੁੱਤਰ ਨੂੰ ਸਾਧੂ ਨਾ ਬਣਾਵੇ। ਸਮਾਜ ਨੂੰ ਸਮਾਜਿਕ ਤੇ ਰਾਜਨੀਤਿਕ ਚੇਤੰਨਤਾ ਦੇ ਨਾਲ ਧਾਰਮਿਕ ਚੇਤੰਨਤਾ ਵੀ ਅਤੀ ਜਰੂਰੀ ਹੈ। ਇਸ ਲਈ ਪੜ੍ਹੇ ਲਿਖੇ ਵਿਦਵਾਨ ਧਾਰਮਿਕ ਆਗੂਆਂ ਦੀ ਅੱਜ ਦੇ ਵਿਗਿਆਨਕ ਅਤੇ ਕ੍ਰਾਂਤੀਕਾਰੀ ਯੁੱਗ ਵਿਚ ਲੋੜ ਹੈ। ਸਦੀਆਂ ਤੋਂ ਇਹ ਸਮਾਜ ਧਾਰਮਿਕ ਪੱਖੋਂ ਗੁਲਾਮ ਰਿਹਾ। ਗਲਤ ਖਿਆਲਾ ਵਿਚ ਫਸ ਕੇ ਵਹਿਮਾਂ ਭਰਮਾਂ ਦੀ ਦਲਦਲ ਵਿਚ ਫਸਿਆ ਰਿਹਾ। ਅਸੀਂ ਇਧਰ ਉਧਰ ਭਟਕਦੇ ਰਹੇ। ਸਾਡਾ ਕੋਈ ਕੌਮੀ ਨਿਸ਼ਾਨ ਨਹੀਂ

ਸੀ। ਅਸੀਂ ਦਰੱਖਤਾਂ,ਜਾਨਵਰਾਂ ਦੀ ਪੂਜਾ ਕਰਦੇ ਰਹੇ। ਸਮਾਜਿਕ ਨਾ ਬਰਾਬਰੀ ਸਾਡੇ ਤੇ ਭਾਰੀ ਰਹੀ। ਅਸੀਂ ਚੁੱਪ ਕਰਕੇ ਜ਼ੁਲਮ ਸਹਿੰਦੇ ਰਹੇ। ਇਹ ਸਿਲਸਿਲਾ ਸਦੀਆਂ ਤੋਂ ਚਲਦਾ ਰਿਹਾ ਅਤੇ ਅਸੀਂ ਇਸ ਨਾਲ ਜੁੜੇ ਰਹੇ।

ਇਹ ਸਭ ਬਾਣੀ ਦਾ ਗਿਆਨ ਨਾ ਹੋਣ ਦੇ ਕਾਰਣ ਹੀ ਸੀ। ਅੱਜ ਜਗਤਗੁਰੂ ਰਵਿਦਾਸ ਮਹਾਰਾਜ ਜੀ ਦਾ ਮਿਸ਼ਨ ਅਜਿਹੇ ਮਹਾਂ-ਪੁਰਸ਼ਾਂ ਦੀ ਬਦੌਲਤ ਪੂਰੇ ਵਿਸ਼ਵ ਵਿਚ ਫੈਲ ਰਿਹਾ ਹੈ। ਲੋਕ ਵਹਿਮਾਂ ਭਰਮਾਂ ਨੂੰ ਤਿਆਗ ਕੇ ਆਪਣੇ ਅਸਲੀ ਮਾਰਗ ਨੂੰ ਅਪਣਾ ਰਹੇ ਹਨ। ਇਸ ਲਈ ਆਉਣ ਵਾਲੇ ਸਮੇਂ ਵਿਚ ਪੜ੍ਹੇ-ਲਿਖੇ ਕਥਾਵਾਚਕਾਂ,ਵਿਆਖਿਆਕਾਰਾਂ ਅਤੇ ਉੱਚੀ ਸੋਚ ਵਾਲੇ ਧਾਰਮਿਕ ਆਗੂਆਂ ਦੀ ਜ਼ਰੂਰਤ ਹੈ ਇਸ ਵਿਚ ਹੀ ਹਰ ਸਮਾਜ ਦਾ ਭਲਾ ਹੈ। ਸੰਤ ਰਾਮਾਨੰਦ ਜੀ ਦੀ ਸ਼ਹੀਦੀ ਤੋਂ ਬਾਅਦ ਉਨ੍ਹਾਂ ਦੀ ਸੋਚ ਵਾਲੇ ਅਨੇਕਾਂ ਪੜ੍ਹੇ ਲਿਖੇ ਵਿਦਵਾਨ ਸੰਤਾਂ ਦੀ ਕੌਮ ਨੂੰ ਜ਼ਰੂਰਤ ਹੈ।

ਅੱਜ ਕਿਸੇ ਵੀ ਜਗ੍ਹਾ ਦੇ ਲਗਦੇ ਮੇਲੇ ਵਿਚ ਜਾ ਕੇ ਦੇਖ ਲਓ ਸਭ ਤੋਂ ਜ਼ਿਆਦਾ ਗਿਣਤੀ ਸਾਡੇ ਭਾਈਚਾਰੇ ਦੇ ਲੋਕਾਂ ਦੀ ਹੋਵੇਗੀ ਪਰ ਜਦੋਂ ਇਨ੍ਹਾਂ ਦੇ ਬੁਜ਼ੁਰਗਾਂ 'ਤੇ ਜ਼ੁਲਮ ਢਾਹੇ ਜਾ ਰਹੇ ਸਨ। ਇਨ੍ਹਾਂ ਲਈ ਮੰਦਿਰਾਂ ਦੇ ਦਰਵਾਜੇ ਬੰਦ ਸਨ। ਉਸ ਵਕਤ ਕੋਈ ਵੀ ਇਨ੍ਹਾਂ ਦੀ ਮਦਦ ਲਈ ਨਹੀਂ ਸੀ ਬਹੁੜਿਆਂ। ਕੇਵਲ ਤੇ ਕੇਵਲ ਸਾਡੇ ਗੁਰੂ ਸਹਿਬਾਨਾਂ ਨੇ ਹੀ ਇਸ ਗੁਲਾਮੀ ਵਿਰੁੱਧ ਬਗਾਵਤ ਕੀਤੀ ਸੀ ਜਾਂ ਫਿਰ ਯੁੱਗ ਪੁਰਸ਼ ਡਾ.ਅੰਬੇਡਕਰ ਜੀ ਨੇ ਸਾਨੂੰ ਵਿਧਾਨਿਕ ਹੱਕ ਲੈ ਕੇ ਜੀਵਨ ਜਾਂਚ ਦਿੱਤੀ। ਇਹ ਉੱਚੀ ਤੇ ਸੁੱਚੀ ਸੋਚ ਦਾ ਅਤੇ ਬਰਾਬਰਤਾ ਤੇ ਸਰਬੱਤ ਦੇ ਭਲੇ ਦਾ ਨਤੀਜਾ ਹੈ। ਵਿੱਦਿਆਂ ਦੇ ਫੈਲਣ ਨਾਲ ਹੀ ਸੰਸਾਰਕ ਜੀਵਾਂ ਨੂੰ ਲੋਅ ਹੋਈ ਹੈ। ਵਿੱਦਿਆ ਦੇ ਵਿਚਾਰਨ ਨਾਲ ਹੀ ਕਠੋਰ ਤੋਂ ਕਠੋਰ ਹਿਰਦੇ ਪਰਉਪਕਾਰੀ ਬਣ ਰਹੇ ਹਨ। ਇਸ ਲਈ ਵਿੱਦਿਆ ਦੀ ਰਾਜਨੀਤਿਕ ਅਤੇ ਸਮਾਜਿਕ ਪੱਖ ਦੇ ਨਾਲ ਨਾਲ ਧਾਰਮਿਕ ਪੱਖ ਵਿਚ ਵੀ ਅਹਿਮੀਅਤ ਹੈ।

ਸਮਾਜ ਦੇ ਭਲੇ ਲਈ ਅੰਧ ਵਿਸ਼ਵਾਸ ਅਤੇ ਲਕੀਰ ਦੇ ਫਕੀਰ ਹੋਣਾ ਤਿਆਗਣਾਂ ਪਵੇਗਾਂ ਆਪਣੀ ਸੋਚ ਵਿੱਚ ਨਿਖਾਰ ਲਿਆ ਕੇ ਸੱਚ ਨਾਲ ਖੜਨਾ ਪਵੇਗਾ ਲੰਗਰ ਵਿੱਚ ਪੱਕਦੀਆ ਬੋਰੀਆ ਗਿਣਨ ਦੀ ਬਜਾਏ ਸਮਾਜ ਵਿੱਚ ਆਈ .ਏ .ਐਸ ,ਪੀ.ਸੀ. ਐਸ.ਅਫਸਰ ਗਿਣੋ ।ਸੁਆਮੀ ਸਰਵਣ ਦਾਸ ਜੀ ਮਹਾਰਾਜ ਹਮੇਸ਼ਾ ਹੀ ਡੇਰੇ ਵਿੱਚ ਆਏ ਪੜ੍ਹਣ ਵਾਲੇ ਬੱਚਿਆਂ ਨੂੰ ਦੁੱਧ ਪਿਲਾਇਆ ਕਰਦੇ ਸਨ ਜਾ ਫਿਰ ਗਰਭਵਤੀ ਔਰਤਾ ਨੂੰ ਫਲ ਵੰਡਦੇ ਸਨ ਤਾਂ ਕਿ ਇਹ ਸਮਾਜ ਦੇ ਬੱਚੇ ਤਾਕਤਵਰ ਹੋ ਕੇ ਸਮਾਜ ਦਾ ਮਾਰਗ ਦਰਸ਼ਣ ਕਰ ਸਕਣ ।

ਸੰਤ ਸੁਰਿੰਦਰ ਦਾਸ ਬਾਵਾ ਜੀ ਦੀ ਮਿਸ਼ਨ ਪ੍ਰਤੀ ਰੁਚੀ ਨੂੰ ਦੇਖਦੇ ਹੋਏ ਅਤੇ ਉਹਨ੍ਹਾਂ ਵਿੱਚ ਰਵਿਦਾਸੀਆ ਧਰਮ ਪ੍ਰਤੀ ਅਡੋਲਤਾ ਨੂੰ ਵੇਖਦੇ ਹੋਏ ਯੂਰਪ ਦੀਆ ਸੰਗਤਾਂ ਵਲੋਂ 1.1.2015 ਨੂੰ ਨਵੇਂ ਵਰ੍ਹੇ ਦੇ ਮੌਕੇ ਤੇ ਜਗਤਗੁਰੂ ਰਵਿਦਾਸ ਜੀ ਮਹਾਰਾਜ ਦੇ ਮਿਸ਼ਨ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਇਕ ਸਫਾਰੀ ਗੱਡੀ ਭੇਂਟ ਕੀਤੀ ਗਈ ਆਪ ਜੀ ਵਲੋ ਤਿਆਰ ਕਰਵਾਏ ਜਾ ਰਹੇ ਕਾਹਨਪੁਰ ਸਥਿਤ ਪ੍ਰਚਾਰ ਕੇਂਦਰ ਵਿੱਚ ਵੀ ਵਿਦੇਸ਼ ਦੀਆ ਸੰਗਤਾਂ ਅਹਿਮ ਯੋਗਦਾਨ ਨਿਭਾ ਰਹੀਆ ਹਨ ।

ਵੱਖ-ਵੱਖ ਲੇਖਕਾਂ ਵੱਲੋਂ

# ਸ੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਦੀ ਉਸਤਤ ਵਿਚ ਲਿਖੀਆਂ ਗਈਆਂ ਰਚਨਾਵਾਂ

**ਬਾਵਾ ਜੀ ਦੇ ਪ੍ਰੇਮ ਪਿਆਰ ਵਿੱਚ ਬੱਝੇ ਹੋਏ ਇੱਕ ਬਜੁਰਗ ਦੀਆ ਭਾਵਨਾਵਾਂ ਨੂੰ ਦਾਸ ਨੇ ਕਵਿਤਾ ਵਿੱਚ ਇੰਝ ਵਰਣਨ ਕੀਤਾ ਹੈ।**

ਇੱਕ ਦਿਨ ਕਾਹਨਪੁਰ ਪਿੰਡ ਦੇ ਅੰਦਰ,
ਦੇਖਿਆ 70 ਸਾਲ ਦਾ ਬੁੱਢਾ ,
ਮਨ ਦੇ ਵਿੱਚ ਦਿਲਗੀਰ ਬੜਾ ਸੀ,
ਲੱਗਦਾ ਖੁੱਭਾ ਖੁੱਭਾ ।
ਦੂਜੇ ਦਿਨ ਜਦ ਫਿਰ ਉਹ ਭਾਈਆ,
ਵਲ੍ਹ ਕਾਹਨ ਪੁਰ ਆਇਆ ,
ਉਸ ਵੇਲੇ ਮੈ ਬਾਪੂ ਕਹਿ ਕੇ
ਉਸ ਨੂੰ ਪਾਸ ਬੁਲਾਇਆ ।
ਉਸ ਭਾਈਏ ਨੇ ਰੋ ਕੇ ਮੈਨੂੰ ,
ਦੱਸੀ ਹਕੀਕਤ ਸਾਰੀ
ਕੌਮ ਦੇ ਅਖੌਤੀ ਆਗੂਆ ਦੀ ਅੱਜ
ਮੱਤ ਗਈ ਏ ਮਾਰੀ ।
ਚੋਰ ਸਾਧ ਵਿੱਚ ਫਰਕ ਨਾ ਸਮਝਣ ,
ਇਹ ਕੀ ਬੀਤਿਆ ਭਾਣਾ ?
ਸੰਤਾਂ ਸੰਗ ਪਾਪੀ ਤਰ ਜਾਣ
ਇਹ ਦਸਤੂਰ ਏ ਪੁਰਾਣਾ ।
ਬਾਵਾ ਜੀ ਕਿਓਂ ਡੇਰਾ ਛੱਡ ਗਏ ,
ਇਹ ਵਰਤਿਆ ਕੀ ?
ਉਹਨਾ ਆਸਰੇ ਅਸੀਂ ਰਹੇ ਹਾਂ ,
ਇਕ ਇਕ ਪਲ ਜੀ।
ਕੌਣ ਹੈ ਪਾਪੀ ਡੇਰਿਆ ਅੰਦਰ ,
ਰਵਿਦਾਸੀਆ ਧਰਮ ਨੂੰ ਪਾੜੇ,

ਸੰਤ ਕਦੇ ਵੀ ਖਤਮ ਨਹੀ ਹੁੰਦੇ
ਭਾਂਵੇ ਸੂਲੀ ਉਪਰ ਚਾੜੇ।
ਉਸ ਭਾਈਏ ਦੀਆ ਗੱਲਾਂ ਸੁਣ ਕੇ ,
ਮਨ ਵਿੱਚ ਖਿਆਲ ਇੱਕ ਆਇਆ
ਅੱਖਾਂ ਵਿੱਚ ਅੱਥਰੂ ਵੀ ਆਏ ,
ਦਿਲ ਡਾਢਾ ਘਬਰਾਇਆ ।
ਆਉਣ ਵਾਲੀਆਂ ਪੀੜ੍ਹੀਆਂ ਨੇ ,
ਮਾਫ ਤੁਸਾਂ ਨਾ ਕਰਨਾਂ ,
ਕੌਮ ਆਪਣੀ ਦੀਆ ਵੰਡੀਆ ਪਾ ਕੇ
ਇਸ ਤਰ੍ਹਾਂ ਨਹੀਂ ਸਰਨਾ ।
ਰਵਿਦਾਸੀਆ ਕੌਮ ਦੇ ਲੋਕੋ ਸੁਣ ਲਉ
ਖੋਲ੍ਹ ਕੇ ਕੰਨਾਂ ਦੀ ਖਿੜਕੀ
ਚੰਗੇ ਕੰਮ ਤੋ ਪਿਛੇ ਨਾ ਹਟੀਏ
ਕਿਉਂ ਜਾਂਦੇ ਹੋ ਥਿੜਕੀ।
ਸਰਵਣ ਦਾਸ ਸੁਆਮੀ ਦਾਤਾ
'ਕਲੇਰ' ਕਰੇ ਅਰਜੋਈ
ਸੰਤ ਨਿਰੰਜਣ ਦਾਸ ,ਬਾਵਾ ਜੀ ਵਰਗੀ
ਜੋੜੀ ਹੋਰ ਨਾ ਕੋਈ ।

**ਕਾਂਸ਼ੀ ਰਾਮ ਕਲੇਰ**

**ਸ਼੍ਰੀ ਗੁਰੁ ਰਵਿਦਾਸ ਜਨਮ ਸਥਾਨ ਪਬਲਿਕ ਚੈਰੀਟੇਬਲ ਟਰੱਸਟ ਬਨਾਰਸ ਦੇ ਫਾਊਂਡਰ ਸਕੱਤਰ ਮਾਸਟਰ ਜੱਗੂ ਰਾਮ ਜੀ ਦੇ ਫਰਜੰਦ ਅਤੇ ਬੰਗੜ ਬ੍ਰਦਰਜ਼ ਕੀਰਤਨੀਏ ਰਾਏਪੁਰ ਦੇ ਸਤਿਕਾਰ ਯੋਗ ਪਿਤਾ ਸ਼੍ਰੀ ਰਜਿੰਦਰ ਬੰਗੜ ਜੀ ਆਪਣੀ ਕਵਿਤਾ ਰਾਹੀ ਬਾਵਾ ਜੀ ਦੀ ਉਸਤਤ ਇੰਝ ਕਰਦੇ ਨੇ :-**

ਗੁਰਦਾਸ ਰਾਮ ਜੀ ਗੁਰਾਂ ਦਾ ਪਰਮ ਸੇਵਕ,
ਸੁੱਚੀ ਪਿੰਡ ਦੇ ਵਿੱਚ ਨਿਵਾਸ ਕੀਤਾ ।
ਛੱਡ ਕੇ ਸਭ ਦੁਆਰੇ ਸੰਤਾਂ ਫੱਕਰਾਂ ਦੇ,
ਸਰਵਣ ਦਾਸ ਗੁਰਾਂ ਉੱਤੇ ਵਿਸ਼ਵਾਸ ਕੀਤਾ ।
ਗੁਰਾਂ ਬਖਸ਼ਿਆ ਸੇਵਕ ਨੂੰ ਨਾਮ ਅੰਮ੍ਰਿਤ ,
ਮਨ ਸਾਰੇ ਵਿਕਾਰਾਂ ਤੋ ਸਾਫ ਕੀਤਾ ।1

ਕੁਟੀਆ ਵਿੱਚ ਆਉਣਾ,ਆ ਕੇ ਸੇਵਾ ਕਰਨੀ ,
ਸੱਚੇ ਗੁਰਾਂ ਨਾਲ ਪ੍ਰੀਤ ਲਗਾਈ ਐਸੀ ।
ਕਿੱਤਾ ਸਾਇਕਲ ਰਿਪੇਆਰ ਦਾ ਰੋਜ਼ ਕਰਨਾ ,
ਦਸਾਂ ਨੌਹਾਂ ਦੀ ਕਿਰਤ ਕਮਾਈ ਐਸੀ ।
ਸਿਮਰਨ ਕਰਨਾ ਤੇ ਸਰਿਆ ਜੋ ਭੇਂਟ ਕਰਨਾ ,
ਮਨ ਵਿਚ ਗੁਰਾਂ ਦੀ ਜੋਤ ਜਗਾਈ ਐਸੀ ।2

ਸਮਾਂ ਬਦਲਿਆ ਸੇਵਕ ਦੀ ਧਰਮ ਪਤਨੀ ,
ਗੁਰਬਚਨ ਕੌਰ ਬੀਬੀ ਜਦੋਂ ਬੀਮਾਰ ਪੈ ਗਈ ।
ਜਿਹੜੇ ਬੱਚੇ ਨੂੰ ਦੇਣਾ ਸੀ ਜਨਮ ਉਸਨੇ ,
ਜਨਮ ਹੋਣ ਤੋਂ ਪਹਿਲਾਂ ਖੁਦਾਈ ਲੈ ਗਈ ।
ਭਾਣਾ ਵਰਤਿਆ ਰੱਬ ਦਾ ਪਿਆ ਮੰਨਣਾ ,

ਮਾਂ ਬੱਚੇ ਦੀ ਕਿਵੇ ਜ਼ੁਦਾਈ ਪੈ ਗਈ ।3
ਸਿਵਲ ਹਸਪਤਾਲ ਵਿੱਚ ਡਾਕਟਰ ਇਲਾਜ਼ ਕਰਦੇ ,
ਉਹ ਵੀ ਬੇਵੱਸ ਹੋ ਕੇ ਕਹਿਣ ਲੱਗੇ ।
ਬਚਣਾਂ ਹੋ ਗਿਆ ਬੀਬੀ ਦਾ ਬੜਾ ਮੁਸ਼ਕਿਲ ,
ਹਾਰ ਹੰਭ ਕੇ ਡਾਕਟਰ ਸਭ ਕਹਿਣ ਲੱਗੇ ।
ਗੁਰਦਾਸ ਰਾਮ ਦੀ ਚਿੰਤਾਂ ਸੀ ਹੋਰ ਵੱਧ ਗਈ ,
ਵਿੱਚ ਫਿਕਰਾਂ ਦੇ ਡਾਵਾਡੋਲ ਰਹਿਣ ਲੱਗੇ ।4

ਸਰਵਣ ਦਾਸ ਜੀ ਗੁਰਾਂ ਨੂੰ ਖਬਰ ਮਿਲ ਗਈ ,
ਪੁੱਛਣ ਵਾਸਤੇ ਬੀਬੀ ਦਾ ਹਾਲ ਪਹੁੰਚੇ ।
ਸਤਿਗੁਰ ਜੀ ਦੇ ਕੁਝ ਪਰਮ ਸੇਵਕ ,
ਉਹ ਵੀ ਆਪ ਹਜੂਰ ਦੇ ਨਾਲ ਪਹੰਚੇ ।
ਜਾਣੀ ਜਾਣ ਸਨ ਰੱਬ ਦਾ ਸਰੂਪ ਸਤਿਗੁਰ ,
ਹੱਲ ਕਰਨ ਲਈ ਵੱਡਾ ਸਵਾਲ ਪਹੁੰਚੇ।5

ਤੇਰੀ ਉਮਰ ਅਸੀ ਰੱਬ ਤੋਂ ਹੋਰ ਮੰਗ ਲਈ ,
ਕਰ ਦਿੱਤੇ ਸਭ ਹੱਲ ਸਵਾਲ ਤੇਰੇ।
ਗੁਜ਼ਰੇ ਹੋਏ ਇਕ ਬੱਚੇ ਨੂੰ ਨਹੀਂ ਰੋਣਾ ,
ਬੀਬੀ ਆਉਣਗੇ ਘਰ ਦੋ ਲਾਲ ਤੇਰੇ ।
ਉਹਨਾਂ ਵਿੱਚੋ ਇੱਕ ਸਾਨੂੰ ਤੂੰ ਦੇ ਦੇਵੀ,
ਅਸੀਂ ਰਹਿੰਦੇ ਹਾਂ ਅੰਗ ਸੰਗ ਨਾਲ ਤੇਰੇ ।6

ਜਿਹੜਾ ਚੜਿਆ ਕਰਜ਼ਾ ਸਤਿਗੁਰੂ ਸਿਰ ਮੇਰੇ,
ਹੱਸ ਕੇ ਆਪਣੇ ਸਿਰੋ ਚੁਕਾ ਦਿਆਂਗੀ ।
ਕੀਤੇ ਵਾਦਿਆਂ ਤੋ ਮੁਨਕਰ ਨਹੀਂ ਹੋ ਸਕਦੀ ,
ਕੀਤਾ ਤੁਸਾਂ ਨਾਲ ਕੋਲ ਨਿਭਾ ਦਿਆਂਗੀ।

ਬੀਬੀ ਆਖ ਦਿੱਤਾ ਸਤਿਗੁਰੂ ਆਪਣੇ ਨੂੰ ,
ਵੱਡਾ ਝੋਲੀ ਵਿੱਚ ਤੁਹਾਡੇ ਮੈ ਪਾ ਦਿਆਂਗੀ।
7 ਭਖਦਾ ਨੂਰੀ ਜਲਾਲ ਸੋਹਣੇ ਮੁੱਖੜੇ ਤੇ,
ਵੇਖ ਡਾਕਟਰਾਂ ਨੇ ਨਮਸਕਾਰ ਕੀਤੀ
ਅਸੀਂ ਬੀਬੀ ਨੂੰ ਕਹਿੰਦੇ ਸੀ ਬਚਣਾ ਨਹੀ ,
ਉਹਦੀ ਰੱਖਿਆ ਆਪ ਕਰਤਾਰ ਕੀਤੀ।
ਦੰਗ ਰਹਿ ਗਏ ਸੀ ਡਾਕਟਰ ਇਹ ਸੀਨ ਤੱਕ ਕੇ,
ਸੱਚੇ ਸੇਵਕਾਂ ਦੀ ਬੇੜੀ ਪਾਰ ਕੀਤੀ ।8

ਪੁੰਨਿਆ ਮਾਰਚ ਦੀ ਸੰਨ ਤਹੇਤਰ ਦੇ ਦਿਨ,
ਸੁੱਚੀ ਪਿੰਡ ਵਿੱਚ ਜਨਮ ਧਾਰ ਆਏ।
ਨਾਮ ਰੱਖਿਆ ਹਰੀਦਾਸ ਸਤਿਗੁਰਾਂ ਨੇ,
ਸੰਤਾਂ ਵਾਲੀ ਕਰਨ ਇਹ ਕਾਰ ਆਏ।
ਏਨਾਂ ਮਾਂ ਨਹੀ ਬੱਚਿਆ ਨੂੰ ਪਿਆਰ ਕਰਦੀ,
ਜਿੰਨਾਂ ਕੌਮ ਨੂੰ ਪਿਆਰ ਆਏ।9

ਭੇਖ ਸੰਤਾਂ ਦਿੱਤਾ ਹਰੀ ਸਤਿਗੁਰ,
ਕਹਿੰਦੇ ਬਾਵੇ ਨੇ ਵੱਡਾ ਵਿਦਵਾਨ ਹੋਣਾ।
ਇਸਨੇ ਕੌਮ ਨੂੰ ਨੂੰ ਦੇਣੀ ਹੈ ਸੇਧ ਐਸੀ,
ਪੜਿਆ ਲਿਖਿਆ ਇਹ ਐਸਾ ਇਨਸਾਨ ਹੋਣਾ।
ਸਮਾਂ ਆਉਣ 'ਤੇ ਕੌਮ ਦੀ ਕਰੂ ਸੇਵਾ,
ਕਿਸੇ ਵਕਤ ਇਹ ਸੰਤ ਮਹਾਨ ਹੋਣਾ।10

ਪੰਜ ਸਾਲ ਦੀ ਉਮਰ ਵਿੱਚ ਕੀਤੀ ਕ੍ਰਿਪਾ,
ਹਰੀਦਾਸ ਸਤਿਗੁਰ ਲੈ ਗਏ ਨਾਲ ਕੁਟੀਆ ।
ਪਾਲਣ ਪੋਸ਼ਣ ਕੀਤਾ ਗਰੀਬ ਦਾਸ ਸਤਿਗੁਰਾਂ ,

ਕੀਤੀ ਇਹਨਾਂ ਦੀ ਸਾਂਭ ਸੰਭਾਲ ਕੁਟੀਆ।
ਸੰਤ ਰਾਮਾਨੰਦ ਰੱਖਦੇ ਸੀ ਨਾਲ ਆਪਣੇ,
ਪੜਾਈ ਲਿਖਾਈ ਦਾ ਰੱਖਿਆ ਖਿਆਲ ਕੁਟੀਆ।11

ਡਿਗਰੀ ਬੀ.ਏ ਦੀ ਜਦੋ ਸੀ ਪਾਸ ਕਰ ਲਈ ,
ਸੱਚ ਸੇਵਾ ਵਿੱਚ ਵਕਤ ਲੰਗਾਉਣ ਲੱਗੇ।
ਡੇਰੇ ਵਿੱਚ ਇਹ ਦਰਦੀ ਦੁਖੀਆ ਦੇ,
ਦਵਾਈਆ ਦੇ ਕੇ ਦੁੱਖ ਮਿਟਾਉਣ ਲੱਗੇ।
ਜੋਤਿਸ਼ ਵਿੱਦਿਆ ਦੇ ਵਿੱਚ ਨਿਪੁੰਨ ਹੋ ਗਏ,
ਭਜਨ ਸਿਮਰਨ ਵਿਚ ਸੁਰਤੀਆ ਲਾਉਣ ਲੱਗੇ।12

ਜਿਵੇਂ ਹੋਇਆ ਵਿਆਨਾ ਦੁਖਾਂਤ ਵੱਡਾ,
ਫਿਰ ਕੌਮ ਨੂੰ ਐਸਾ ਸੁਚੇਤ ਕੀਤਾ।
ਕੇਵਲ ਪੜ੍ਹਨੀ ਹੈ ਬਾਣੀ ਸਤਿਗੁਰੂ ਆਪਣੇ ਦੀ,
ਇਸ ਗੱਲ ਤੋਂ ਨਹੀਂ ਗੁਰੇਜ਼ ਕੀਤਾ।
ਢਿੱਲ ਨਹੀ ਪ੍ਰਚਾਰ ਵਿੱਚ ਆਉਣ ਦਿੱਤੀ,
ਪਹਿਲਾਂ ਨਾਲੋ ਸੀ ਹੋਰ ਵੀ ਤੇਜ਼ ਕੀਤਾ।13

ਮਿਸ਼ਨ ਰੁਕਣ ਨਹੀ ਦੇਣਾ ਕਾਸ਼ੀ ਵਾਲੜੇ ਦਾ,
ਇਸ ਮਸਲੇ ਤੇ ਡੂੰਘਾ ਵਿਚਾਰ ਕੀਤਾ।
ਧਰਮ ਵੱਖਰਾ ਕੀਤਾ ਰਵਿਦਾਸੀਆ ਦਾ,
ਅਮ੍ਰਿਤ ਬਾਣੀ ਗ੍ਰੰਥ ਤਿਆਰ ਕੀਤਾ।
ਸਰਵਣ ਦਾਸ ਗੁਰਾਂ ਦਾ ਸਿਰਜਿਆ ਜੋ ,
ਸੁਪਨਾ ਇਹਨਾਂ ਨੇ ਵੇਖੋ ਸਾਕਾਰ ਕੀਤਾ।14

ਦੋ ਹਜ਼ਾਰ ਦਸ ਤੀਹ ਜਨਵਰੀ ਨੂੰ,
ਲੱਖਾਂ ਸੰਗਤਾਂ ਵਿੱਚ ਬਿਆਨ ਕੀਤਾ ।
ਵੱਖਰਾ ਧਰਮ ਰਵਿਦਾਸੀਆ ਕੌਮ ਦਾ ,
ਅਮ੍ਰਿੰਤ ਬਾਣੀ ਗ੍ਰੰਥ ਦਾ ਐਲਾਨ ਕੀਤਾ।
ਨਾਅਰਾ ਜੈ ਗੁਰਦੇਵ, ਧੰਨ ਗੁਰਦੇਵ ਸਾਡਾ,
ਕਾਂਸ਼ੀ ਮੰਚ ਤੋ ਵੱਡਾ ਫਰਮਾਨ ਕੀਤਾ।15

ਮੋਢੀ ਬਣੇ ਰਵਿਦਾਸੀਆ ਧਰਮ ਦੇ ਨੇ,
ਸੰਤ ਬਾਵਾ ਜੀ ਫਰਜ਼ ਨਿਭਾਉਣ ਲੱਗੇ।
ਅਮ੍ਰਿੰਤ ਬਾਣੀ ਵਿੱਚ ਅਮ੍ਰਿੰਤ ਜੇਹੜਾ ਵਰਸਦਾ,
ਅਰਥ ਕਰ ਕੇ ਸਾਨੂੰ ਸਮਝਾਉਣ ਲੱਗੇ।
ਦੇਸ਼ ਭਾਰਤ ਦੀ ਗੱਲ ਤਾਂ ਇਕ ਪਾਸੇ,
ਮਿਸ਼ਨ ਵਿੱਚ ਵਿਦੇਸ਼ਾ ਵਿੱਚ ਜਾ ਫੈਲਾਉਣ ਲੱਗੇ।16

ਸਰਵਣ ਦਾਸ ਸਤਿਗੁਰੂ ਦੀ ਓਟ ਲੇ ਕੇ ,
ਐਸੇ ਪੂਰਨੇ ਕੌਮ ਲਈ ਪਾ ਰਹੇ ਨੇ।
ਸਾਰੀ ਕੌਮ ਨੂੰ ਦਿੰਦੇ ਨੇ ਸੇਧ ਐਸੀ ,
ਕਾਂਸ਼ੀ ਵਾਲੇ ਲੜ ਸਾਨੂੰ ਲਾ ਰਹੇ ਨੇ।
ਬੰਗੜ ਰਾਏਪੁਰੀ ਮਿਸ਼ਨ ਪ੍ਰਚਾਰ ਕਰਦੇ,
ਮਹਿੰਮਾ ਲਿਖਕੇ ਸਟੇਜਾਂ 'ਤੇ ਗਾ ਰਹੇ ਨੇ।17

# ਸ਼ੇਅਰ

ਹਿੱਕ ਤਾਣ ਕੇ ਅੱਗੇ ਵਿਰੋਧੀਆਂ ਦੇ
ਅੰਮ੍ਰਿਤਬਾਣੀ ਗ੍ਰੰਥ ਐਲਾਨ ਕੀਤਾ,
ਸਦੀਆਂ ਵਾਲੀ ਗੁਲਾਮੀ ਠੁਕਰਾ ਦਿੱਤੀ
ਕਾਂਸ਼ੀ ਮੰਚ ਤੋਂ ਐਸਾ ਐਲਾਨ ਕੀਤਾ।

ਧਰਮ ਦੇ ਕੇ ਵੱਖਰਾ ਰਵਿਦਾਸੀਆ ਨੂੰ ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਵੱਡਾ ਉਪਕਾਰ ਕੀਤਾ।

ਗੀਤ :- ਕਾਹਨਪੁਰ ਬਣਿਆ ਏ ਤੀਰਥ ਮਹਾਨ,
ਰਵਿਦਾਸੀਆ ਧਰਮ ਪ੍ਰਚਾਰ ਅਸਥਾਨ,
ਸੁਣ ਸਤਿਸੰਗ ਸਭ ਦਾ ਉਧਾਰ ਹੁੰਦਾ ਏ,
ਰਵਿਦਾਸੀਆ ਧਰਮ ਦਾ ਪ੍ਰਚਾਰ ਹੁੰਦਾ ਏ,
ਆਏ ਦਿਨ ਇਥੇ ਪ੍ਰਚਾਰ ਹੁੰਦਾ ਏ,
ਰਵਿਦਾਸੀਆ ਧਰਮ ਦਾ ਪ੍ਰਚਾਰ ਹੁੰਦਾ ਏ।

ਇਹ ਅਸਥਾਨ ਕਿਸੇ ਹੋਰ ਨਾਲੋਂ ਘੱਟ ਨਹੀਂ,
ਕੂੜ੍ਹ ਦੇ ਵਪਾਰ ਵਾਲਾ ਖੋਲ੍ਹਿਆ ਇਹ ਹੱਟ ਨਹੀਂ,
ਇਸ ਹੱਟ ਉੱਤੇ 'ਹਰਿ' ਦਾ ਵਪਾਰ ਹੁੰਦਾ ਏ,
ਰਵਿਦਾਸੀਆ ਧਰਮ ਦਾ ਪ੍ਰਚਾਰ ਹੁੰਦਾ ਏ।

ਅੰਮ੍ਰਿਤ ਬਾਣੀ ਉੱਤੇ ਪਹਿਰਾ ਜਿਹੜਾ ਲਾਉਂਦਾ ਏ,
ਦੇਸ਼ ਵਿਦੇਸ਼ਾਂ ਵਿਚ ਧਰਮ ਫੈਲਾਉਂਦਾ ਏ,
ਉਹੋ ਸੰਤ ਸਿਪਾਹੀ ਵਫਾਦਾਰ ਹੁੰਦਾ ਏ,
ਰਵਿਦਾਸੀਆ ਧਰਮ ਦਾ ਪ੍ਰਚਾਰ ਹੁੰਦਾ ਏ।

ਜਗਤਗੁਰੂ ਰਵਿਦਾਸ ਗੁਰੂ ਸਰਵਣ ਦਾਸ ਜੀ,
ਇਸ ਧਰਤੀ ਤੇ ਜਿਹੜੇ ਕਰਦੇ ਨਿਵਾਸ ਜੀ,
ਤਾਹੀਉਂ ਸੰਗਤਾਂ ਦੇ ਉੱਤੇ ਉਪਕਾਰ ਹੁੰਦਾ ਏ,
ਰਵਿਦਾਸੀਆ ਧਰਮ ਦਾ ਪ੍ਰਚਾਰ ਹੁੰਦਾ ਏ।

ਬਾਵਾ ਜੀ ਤੇ ਹੱਥ ਗੁਰੂ ਸਰਵਣ ਦਾਸ ਦਾ,
ਰਾਏਪੁਰੀ ਪੜ੍ਹੋ ਖੋਲ ਪੰਨਾ ਇਤਿਹਾਸ ਦਾ,
'ਬੰਗੜ' ਐਵੇਂ ਨਹੀਉਂ ਸੱਚ ਨੂੰ ਉਚਾਰ ਹੁੰਦਾ ਏ,
ਰਵਿਦਾਸੀਆ ਧਰਮ ਦਾ ਪ੍ਰਚਾਰ ਹੁੰਦਾ ਏ।

'ਮਿਸ਼ਨਰੀ ਗੀਤਕਾਰ' ਬੰਗੜ ਰਾਏਪੁਰੀ

# ਸੰਤ ਸੁਰਿੰਦਰ ਦਾਸ ਬਾਵਾ ਜੀ

ਸੰਤ ਸੁਰਿੰਦਰ ਦਾਸ ਬਾਵਾ ਜੀ ਕਾਹਨਪੁਰ ਵਾਲੇ ,
ਸੁਣ ਕੇ ਸਤਸੰਗ ਬਾਵਾ ਜੀ ਦਾ ,
ਖੁਲ ਜਾਂਦੇ ਨੇ ਕਵਾੜ ਦਸਮੇ ਦਵਾਰ ਦੇ ,
ਕਾਹਨਪੁਰ ਵਿੱਚ ਸੰਗਤਾਂ ਦੀ ਜਿੰਦਗੀ ਸਵਾਰ ਦੇ,
ਦੁੱਖੀ ਹਿਰਦਿਆਂ ਨੂੰ ਬੋਲ ਸੰਤਾਂ ਦੇ ਠਾਰਦੇ ,
ਸੰਤ ਸੁਰਿੰਦਰ ਦਾਸ ਬਾਵਾ ਜੀ ਸਦਾ ਕਰਦੇ ਪ੍ਰਚਾਰ ਨੇ,
ਬੁਲੰਦੀਆਂ ਨੂੰ ਛੂਹਵੇ ਰਵਿਦਾਸੀਆ ਦੀ ਸ਼ਾਨ ਜੀ ,

ਅਸਾਂ ਸੁਣਿਆ ਕਾਹਨ ਪੁਰ ਵਿੱਚ ,
ਰਵਿਦਾਸੀਆ ਦਾ ਰੱਬ ਆ ਗਿਆ
ਗੁਰੂ ਸਰਵਣ ਦਾਸ ਦੀ ਕਿਰਪਾ ਨਾਲ ਇਥੇ
ਸੰਵਾਰਨ ਲਈ ਸਾਡਾ ਜੱਗ ਆ ਗਿਆ ,
ਸਮਾਂ ਆ ਗਿਆ ਮੁੜ ਕੇ ਫਿਰ ਇਥੇ ,
ਬਾਵਾ ਜੀ ਸਮੇਂ ਦਾ ਸੱਚ ਆ ਗਿਆ ,

ਪੜੇ ਲਿਖੇ ਨੇ ਬਾਵਾ ਜੀ ਪੂਰੇ ਵਿਦਵਾਨ,
ਪਹਿਰੇਦਾਰ ਬਣ ਕੌਮ ਦਾ ਸਿਪਾਹੀ ਆ ਗਿਆ ।
ਧਰਮ ਅਤੇ ਅੰਮ੍ਰਿਤਬਾਣੀ ਦਾ ਦੇਣ ਸੁਨੇਹਾ,
ਰੱਬੀ ਨੂਰ ਇਲਾਹੀ ਆ ਗਿਆ।

ਸੁਣ ਕੇ ਦੂਰੋ ਦੂਰੋ ਸੰਗਤਾ ਆਉਣ ਲੱਗੀਆਂ,
ਆ ਕੇ ਸੀਸ ਬਾਵਾ ਜੀ ਨੂੰ ਝੁਕਾਉਣ ਲੱਗੀਆਂ,
ਮਿਸ਼ਨ ਸਮਝਣ ਅਤੇ ਸਮਝਾਉਣ ਲੱਗੀਆਂ,
ਆਪਣਾ ਧਰਮ ਵੀ ਫੈਲਾਉਣ ਲੱਗੀਆਂ,
ਵਹਿਮਾ ਭਰਮਾ ਤੋ ਮੁਕਤੀ ਪਾਉਣ ਲੱਗੀਆਂ।

ਹੁੰਦਾ ਏ ਸਤਿਸੰਗ ਹਰ ਵੇਲੇ ,ਜੱਪ ਗੁਰੂ ਰਵਿਦਾਸ ,
ਚਿਹਰੇ ਤੇ ਪੂਰਾ ਨੂਰ ਗੁਰੂ ਸਰਵਣ ਦਾਸ ਦਾ ਪ੍ਰਤਾਪ,
ਕਰਦੇ ਨੇ ਸਤਿਸੰਗ ਜਦੋ ਅੰਮ੍ਰਿਤਬਾਣੀ ਦਾ,
ਲੱਗਦਾ ਏ ਆ ਗਿਆ ਸਾਡੇ ਘਰ ਰੱਬ ਆਪ ।

**ਸ਼੍ਰੀ ਬਸ਼ੰਬਰ ਦਾਸ**

## ਰਵਿਦਾਸੀਆ ਧਰਮ ਦੇ ਪੈਰੋਕਾਰ ਅਤੇ ਮਿਸ਼ਨ ਪ੍ਰਚਾਰਕ ਸ਼੍ਰੀ ਵਿਪਿਨ 'ਸੇਵਕ' ਜੀ ਦੀਆ ਨਜ਼ਰਾਂ ਵਿੱਚ ਸੰਤ ਸੁਰਿੰਦਰ ਦਾਸ ਜੀ ਬਾਵਾ ਜੀ:-

## ਰਵਿਦਾਸੀਆ ਕੌਮ ਦੇ ਸੱਚੇ-ਸੁੱਚੇ ਨਿਧੜਕ ਸੰਤ ਸਿਪਾਹੀ ਸੰਤ ਸੁਰਿੰਦਰ ਦਾਸ ਜੀ ਬਾਵਾ ਜੀ

ਆਵੋ ਸੰਗਤੋ ਬਾਵਾ ਜੀ ਦੀ ਅੱਜ ਮੈ ਕਥਾ ਸੁਣਾਵਾ,
ਕੌਮ ਦੇ ਇਸ ਸੰਤ ਸਿਪਾਹੀ ਦੇ ਮੈ ਬਲਿਹਾਰੇ ਜਾਵਾਂ।

ਪਰਮਾਤਮਾ ਨੇ ਮਾਂ ਬਚਨੀ ਨਾਲ ਇਕ ਐਸਾ ਚੋਜ ਕਮਾਇਆ,
ਪੁੱਤਰ ਮਾਂ ਦੀ ਕੁੱਖ ਵਿੱਚੋ ਹੀ ਆਪਣੇ ਕੋਲ ਬੁਲਾਇਆ।

ਇਸ ਹਾਲਤ ਨੂੰ ਤੱਕ ਕੇ ਗੁਰੂ ਸਰਵਣ ਦਾਸ ਜੀ ਆਪ ਹਸਪਤਾਲ ਆਏ,
ਲੈ ਕੁੜੇ ਤੇਰੇ ਦੋ ਪੁੱਤਰ ਹੋਣੇ..................ਇਹੋ ਵਚਨ ਸੁਣਾਏ।

ਮਾਂ ਬਚਨੀ ਲਗਨ ਦੀ ਪੱਕੀ ਦੱਸੀ ਸੰਤਾਂ ਨੂੰ ਮਨ ਦੀ ਆਸ,
ਵੱਡਾ ਪੁੱਤਰ ਚਰਨਾਂ ਵਿੱਚ ਚੜ੍ਹਾਊਂ ਆਪ ਅੱਗੇ ਇਹ ਅਰਦਾਸ।

ਬਲਿਹਾਰੇ ਗੁਰੂ ਸਰਵਣ ਦਾਸ ਜੀ ਦੇ ਜਿਹਨਾ ਐਸੇ ਭਾਗ ਲਗਾਏ,
ਬਾਵਾ ਜੀ ਦੇ ਅਵਤਾਰ ਵਾਸਤੇ ਆਪੇ ਰਾਹ ਬਣਾਏ।

ਫੇਰ ਆਇਆ ਉਹ ਸਮਾਂ ਵੀ ਜੱਦ ਸੰਤਾਂ ਦੀ ਕਥਨੀ ਨੇ ਸਤ ਹੋਣਾ ਸੀ,
ਬਦਲ ਕੇ ਚੋਲਾ ਗੁਰੂ ਸਾਹਿਬਾਂ ਫੇਰ ਦੁਬਾਰਾ ਆਉਣਾ ਸੀ

11ਜੂਨ 1972ਨੂੰ ਗੁਰੂ ਸਰਵਣ ਦਾਸ ਜੀ ਚੋਲਾ ਤਿਆਗ ਦਿੱਤਾ,
14 ਮਾਰਚ 1973ਨੂੰ ਬਾਵਾ ਜੀ ਬੀਬੀ ਬਚਨੀ ਦੀ ਕੁੱਖੋ ਅਵਤਾਰ ਲੀਤਾ।

9 ਮਹੀਨੇ ਦਾ ਇਹ ਵਿਚਲਾ ਸਮਾਂ ਮਨ ਵਿੱਚ ਅਹਿਸਾਸ ਕਰਵਾ ਰਿਹਾ,
ਬਾਵਾ ਜੀ ਵਿੱਚ ਗੁਰੂ ਸਰਵਣ ਦਾਸ ਦਾ ਅਕਸ ਨਜ਼ਰੀ ਆ ਰਿਹਾ।

ਸਵਾ ਮਹੀਨੇ ਦੇ ਜਦ ਹੋਏ ਪਿਤਾ ਗੁਰਦਾਸ ਰਾਮ ਤੇ ਮਾਂ ਬਚਨੀ ਡੇਰੇ ਨੂੰ ਲੈ ਆਏ,
ਬਾਵਾ ਜੀ ਨੂੰ ਗੁਰੂ ਹਰੀਦਾਸ ਜੀ ਦੀ ਗੋਦੀ ਵਿੱਚ ਜਾ ਬਿਠਾਏ।

ਪੰਜ ਸਾਲ ਦੀ ਉਮਰ ਹੋਣ ਤੇ ਹਰੀ ਦਾਸ ਜੀ ਨੇ ਸੁੱਚੀ ਪਿੰਡ ਪਰਸਥਾਨ ਕੀਤਾ,
ਕਰਕੇ ਅਰਦਾਸ ਆਪ ਗੁਰਾਂ ਨੇ ਬਾਵਾ ਜੀ ਨੂੰ ਭੇਖ ਦਾ ਦਾਨ ਕੀਤਾ ।

ਸੰਤ ਹਰੀਦਾਸ ਜੀ ਨੇ ਆਪਣੇ ਮੁੱਖਾਰਬਿੰਦ 'ਚੋ ਇਹ ਵਚਨ ਸੁਣਾਇਆ ਸੀ ,
ਅਧਿਆਤਮ ਧਰਮ ਵਿੱਚ ਪੂਰਾ ਇਹ ਬਾਲਕ ਅਨਮੋਲ ਹੀਰਾ ਬਣ ਕੇ ਆਇਆ ਜੀ

ਸਮਾਂ ਪਾ ਕੇ ਗੁਰੂ ਗਰੀਬ ਦਾਸ ਜੀ ਨੇ ਆਪ ਨੂੰ ਨਾਮ ਦੀ ਦਾਤ ਦਿੱਤੀ ,
ਸੰਤ ਰਾਮਾਨੰਦ ਦਾ ਬਣਾ ਕੇ ਸਾਥੀ ਦਵਾ ਦਾਰੂ ਜੰਤਰੀ ਦੀ ਸੇਵਾ ਲਾ ਦਿੱਤੀ ।

25 ਮਈ 2009 ਨੂੰ ਸੰਤ ਰਾਮਾਨੰਦ ਜੀ ਵਿਆਨਾ ਵਿੱਚ ਸ਼ਹੀਦ ਹੋਏ,
ਗੁਰੂ ਨਿਰੰਜਨ ਦਾਸ ਜੀ ਦੀ ਵੀ ਹਾਲਤ ਨੀ ਠੀਕ ਸੀ,
ਸੰਤ ਸੁਰਿੰਦਰ ਦਾਸ ਜੀ ਨੇ ਦਿੱਤਾ ਕੌਮ ਨੂੰ ਉਸ ਸਮੇ ਧੀਰਜ ,
ਕਯੋਂ ਜੋ ਮਿਸ਼ਨ ਦੇ ਪਹਿਰੇਦਾਰ ,ਸਭ ਦੇ ਅਜ਼ੀਜ਼ ਸੀ ।

ਠਰ੍ਹੇਮੇਂ ਅਤੇ ਨਿਮਰਤਾ ਨਾਲ ਬਾਵਾ ਜੀ ਨੇ ਡੇਰੇ ਦਾ ਕੰਮ ਸੰਭਾਂਲ ਲਿਆ ,
ਕੌਮ ਨੂੰ ਦੇ ਕੇ ਸੇਧ ਸਹੀ , ਸਮੇ ਮਾੜੇ ਦੇ ਚੱਕਰ ਵਿੱਚੋ ਨਿਕਾਲ ਲਿਆ ।

ਫੇਰ ਉਪਰਾਲਾ ਉਹ ਕੀਤਾ ਜੋ ਕੌਮ ਲਈ ਬੜਾ ਮਹਾਨ ਸੀ ,
ਅਮ੍ਰਿਤ ਬਾਣੀ ਤਿਆਰ ਕੀਤੀ ਜਿਸ ਬਾਰੇ ਪੂਰਾ ਗਿਆਨ ਸੀ ।

ਸੰਤ ਸਮਾਜ ਦੀ ਕਿਪ੍ਰਾ ਨਾਲ ਤੀਹ ਜਨਵਰੀ 2010 ਨੂੰ ਇਹ ਐਲਾਨ ਕੀਤਾ ,
ਸਾਡਾ ਗ੍ਰੰਥ ਅਮ੍ਰਿਤ ਬਾਣੀ ਤੇ ਧਰਮ ਰਵਿਦਾਸੀਆ ਸੰਤਾ ਨੇ ਇਹ ਬਖਾਨ ਕੀਤਾ ।

ਧਰਮ ਰਵਿਦਾਸੀਆ ਤੇ ਗ੍ਰੰਥ ਅਮ੍ਰਿਤ ਬਾਣੀ ਨੂੰ ਮੰਨੋ ਇਹ ਹੁਕਮ ਸੰਤਾ ਨੇ ਸੁਣਾਇਆ ਸੀ,
ਜੈ ਗੁਰੁਦੇਵ ਧੰਨ ਗੁਰੁਦੇਵ ਦਾ ਨਾਅਰਾ ਸੰਤਾਂ ਨੇ ਹੀ ਬਣਾਇਆ ਸੀ ।

ਬਾਬਾ ਪਿੱਪਲ ਦਾਸ ਜੀ ਗੁਰੂ ਸਰਵਣ ਦਾਸ ਜੀ ਨਾਲ ਕਾਹਣਪੁਰ ਵਿੱਚ ਰਹਿਣ ਨੂੰ ਆਏ,
ਆਪਣੇ ਲਈ ਡਮੂੰਹੀ ਦਾ ਘਰ ਨ੍ਹੀ ਤੋੜਨਾ, ਇਹ ਕਹਿ ਬੱਲਾਂ ਨੂੰ ਚਾਲੇ ਪਾਏ।

ਸਮੇਂ ਦੀ ਹੁਣ ਚਾਲ ਪਛਾਣੋ ਫਿਰ ਘੁੰਮ ਕੇ ਅੱਜ ਆਇਆ ਹੈ,
ਬਾਬਾ ਜੀ ਤੋ ਬਾਅਦ ਹੁਣ ਬਾਵਾ ਜੀ ਨੂੰ ਕਾਹਨਪੁਰ ਲਿਆਇਆ ਹੈ।

ਇਥੇ ਕ੍ਰਿਪਾ ਕਾਸ਼ੀ ਵਾਲੇ ਦੀ ਰਵਿਦਾਸੀਆ ਕੌਮ ਦਾ ਹੋ ਰਿਹਾ ਪ੍ਰਸਾਰ,
ਅਤੇ ਅਮ੍ਰਿੰਤ ਬਾਣੀ ਦਾ ਵੀ ਸੰਗਤੋ ਹੁਣ ਇਥੇ ਹੋ ਰਿਹਾ ਪ੍ਰਚਾਰ।

ਦੇਸ਼ ਵਿਦੇਸ਼ ਤੋ ਸੰਗਤ ਇਥੇ ਹੁਣ ਦਰਸਣ ਵਿਚਾਰ ਲਈ ਆਉਂਦੀ ਹੈ,
ਰਵਿਦਾਸੀਆ ਕੌਮ ਅਤੇ ਅਮ੍ਰਿੰਤ ਬਾਣੀ ਤੇ ਪ੍ਰਚਾਰ ਪ੍ਰਸਾਰ ਦੀ ਸੇਧ ਪਾਉਂਦੀ ਹੈ ।

'ਸੇਵਕ' ਦੀ ਅਰਦਾਸ ਇਹੀ ਹੈ ਸੰਤਾ ਦੇ ਲੜ ਜੀਵਨ ਲਾਵਾਂ,
ਬਾਵਾ ਜੀ ਨਾਲ ਕੌਮ ਦੀ ਸੇਵਾ ਵਿੱਚ ਵੱਧ ਚੜ੍ਹ ਹਿੱਸਾ ਪਾਵਾਂ।

**ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਮਹਾਨ**
**ਜਿਥੋਂ ਮਿਲਣੀ ਸੀ ਸੇਧ ਰਵਿਦਾਸੀਆ ਨੂੰ,**

ਉਹ ਅਸਥਾਨ ਸੀ ਕਿਥੇ ਲੁਕਿਆ ਵਿਚ ਜਹਾਨ ਲੋਕੋ।
ਅੱਜ ਬਣ ਗਿਆ ਉੱਥੇ ਰਵਿਦਾਸੀਆ ਧਰਮ ਪ੍ਰਚਾਰ ਅਸਥਾਨ,
ਵਾਂਗ ਚਮਕਦਾ ਸੂਰਜ ਹੁਣ ਇਹ ਅਸਥਾਨ ਮਹਾਨ ਲੋਕੋ।

ਕਰਨ ਵਚਨਾਂ ਨੂੰ ਪੂਰੇ ਬਾਬਾ ਪਿੱਪਲ ਦਾਸ ਜੀ ਦੇ,
ਲਾਇਆ ਰੱਬ ਵੀ ਪੂਰਾ ਤਾਣ ਲੋਕੋ।
ਲੈ ਆਇਆ ਸੰਤ ਸੁਰਿੰਦਰ ਦਾਸ ਬਾਵਾ ਜੀ ਨੂੰ ਨਗਰ ਕਾਹਨਪੁਰ,
ਕਰਨੇ ਕੰਮ ਹਨ ਬੜੇ ਮਹਾਨ ਲੋਕੋ।

ਛੱਡ ਸਾਰੇ ਹੀ ਮਹਲ ਦਵਾਰੇ ਜੱਗ ਦੇ,
ਇੱਥੇ ਲਾਇਆ ਸੰਤਾਂ ਬਹੁਤ ਹੀ ਧਿਆਨ ਲੋਕੋ।
ਰਵਿਦਾਸੀਆ ਧਰਮ ਦਾ ਬਣਕੇ ਉਭਰਿਆ ਧਰੂ ਤਾਰਾ,
ਕਾਹਨਪੁਰ ਨਗਰ ਹੁਣ ਬਣਿਆ ਤੀਰਥ ਮਹਾਨ ਲੋਕੋ।

ਹੁੰਦਾ ਪਸਾਰਾ ਧਰਮ ਰਵਿਦਾਸਆ ਦਾ ਇਸ ਅਸਥਾਨ ਤੋਂ,
ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਮੁੜ ਸੰਭਾਲੀ ਕਮਾਨ ਲੋਕੋ।
ਅੰਮ੍ਰਿਤਬਾਣੀ ਜਗਤਗੁਰੂ ਰਵਿਦਾਸ ਜੀ ਦੀ ਹੈ ਗੰਗਾ ਬਹਿੰਦੀ,
ਵਿਚ ਕਾਹਨਪੁਰ ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਲੋਕੋ।

ਕਾਂਸ਼ੀ ਬਨਾਰਸ ਵਿਖੇ ਹੋ ਕੇ ਨਿਧੜਕ ਐਲਾਨਿਆ ਧਰਮ ਰਵਿਦਾਸੀਆ,
ਬਾਵਾ ਜੀ ਅਨੇਕਾਂ ਕਾਰਜ ਚਲਾਏ ਲੋਕੋ।
ਦੇ ਕੇ ਸਾਨੂੰ ਗ੍ਰੰਥ ਅੰਮ੍ਰਿਤਬਾਣੀ ਜਗਤਗੁਰੂ ਰਵਿਦਾਸ ਜੀ ਦੀ,
ਕੌਮ ਲਈ ਹੱਕ ਦੇ ਝੰਡੇ ਝੁਲਾਏ ਲੋਕੋ।

ਸਮਾਂ ਵੇਖਿਆ ਸ਼ਡਯੰਤਰ ਕਾਰੀਆਂ ਦਾ ਵੀ,
ਅਨੇਕਾਂ ਕਸ਼ਟ ਸ਼ਰੀਰ ਤੇ ਹੰਢਾਏ ਲੋਕੋ।
ਕਰਦੇ ਨੇ ਖੁੱਲ੍ਹੇ ਦਿਲ ਨਾਲ ਮਦਦ ਪੈਸੇ ਤੇ ਦਵਾਈਆਂ ਦੀ,
ਦੁਖੀਆਂ ਦੇ ਸਭ ਦਰਦ ਸੰਤਾਂ ਵੰਡਾਏ ਲੋਕੋ।

ਬਾਵਾ ਜੀ ਹਰ ਪਲ ਸੋਚਦੇ ਭਲਾ ਕੌਮ ਦਾ,
ਹਨ ਲੋਕ ਸਾਡੀ ਕੌਮ ਦੇ ਦੱਬੇ ਸਤਾਏ ਲੋਕੋ।
ਚੜ੍ਹਦੀ ਕਲਾ ਕਰਨੀ ਹੁਣ ਰਵਿਦਾਸੀਆ ਦੀ,
ਸੰਕਲਪ ਸਦਾ 'ਸੇਵਕ'ਇਹ ਦਿਲ ਵਿਚ ਵਸਾਏ ਲੋਕੋ।

ਵਿਪਿਨ ਸੇਵਕ

# ਬੇਗਮਪੁਰ ਸ਼ਹਿਰ ਦਾ ਸੁਪਨਾ

ਅਣਖ ਨਾਲ ਜੀਣਾ ਕੌਮ ਨੂੰ ਸਿਖਾ ਰੰਗ ਮਜੀਠੀ ਚਾੜ ਰਹੇ ਨੇ ,
ਬੇਗਮਪੁਰ ਸ਼ਹਿਰ ਦਾ ਸੁਪਨਾ ਘਰ ਘਰ ਜਾ ਪ੍ਰਚਾਰ ਰਹੇ ਨੇ।

ਲੀਨ ਹੋਏ ਹਰਦਮ ਰਹਿੰਦੇ ਮਹਿੰਮਾ ਸਤਿਗੁਰੂ ਦੀ ਗਾਉਂਦੇ,
ਹਰਿ ਹਰਿ ਸੋਹੰ ਦਾ ਜਾਪ ਕਰਦੇ ਅਤੇ ਸੰਗਤ ਨੂੰ ਜਪਾਉਂਦੇ,
ਅੰਮ੍ਰਿਤ ਬਾਣੀ ਵਾਲਾ ਸਾਰੀ  ਕੌਮ ਨੂੰ ਵੰਡ ਵਿਚਾਰ ਰਹੇ ਨੇ,
ਬੇਗਮਪੁਰ ਸ਼ਹਿਰ ਦਾ ਸੁਪਨਾ ਘਰ ਘਰ ਜਾ ਪ੍ਰਚਾਰ ਰਹੇ ਨੇ।

ਸੁੱਤੀ  ਹੋਈ ਗੈਰਤ ਨੂੰ ਜਗਾਉਣ ਲਈ ਪਾਠ ਪੜਾਉਂਦੇ,
ਰਵਿਦਾਸੀਆ ਧਰਮ ਸਾਡਾ ਸਤਿਸੰਗ ਵਿੱਚ ਫਰਮਾਉਂਦੇ,
ਕਹਿ ਰਵਿਦਾਸ ਚਮਾਰਾ ਹੋਕਾ ਦੇ ਵੰਗਾਰ ਰਹੇ ਨੇ,
ਬੇਗਮਪੁਰ ਸ਼ਹਿਰ ਦਾ ਸੁਪਨਾ ਘਰ ਘਰ ਜਾ ਪ੍ਰਚਾਰ ਰਹੇ ਨੇ।

ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ ਏ
ਅੰਮ੍ਰਿਤਬਾਣੀ ਮਿਸ਼ਨ ਉਪਰ ਸਮਾਜ ਰਿਹਾ ਜੁੜ ਏ,
ਨਵੀ ਚੇਤਨਾ ਵਾਲਾ ਥੰਮ ਉਸਾਰ ਰਹੇ ਨੇ ,
ਬੇਗਮਪੁਰ ਸ਼ਹਿਰ ਦਾ ਸੁਪਨਾ ਘਰ ਘਰ ਜਾ ਪ੍ਰਚਾਰ ਰਹੇ ਨੇ।

ਸਾਡੀ ਕੌਮ ਦੀ ਜਿੰਦ ਵੇ ਕੈਥਾਂ ਸਾਡੇ ਮਿਸ਼ਨ ਦੀ ਜਾਨ ਏ,
ਬੱਬਰ ਸ਼ੇਰ ਦਲੇਰ ਦੇ ਕਰਕੇ ਸਾਨੂੰ ਮਿਲੀ ਪਹਿਚਾਨ ਏ,
'ਭਬਿਆਣੇ, ਵਾਲਿਆ ਫੁਲਵਾੜੀ ਨੂੰ ਸ਼ਿੰਗਾਰ ਰਹੇ ਨੇ,
ਬੇਗਮਪੁਰ ਸ਼ਹਿਰ ਦਾ ਸੁਪਨਾ ਘਰ ਘਰ ਜਾ ਪ੍ਰਚਾਰ ਰਹੇ ਨੇ।

ਰਾਜੇਸ਼ ਕੈਂਥ ਭਬਿਆਣਵੀ

# ਅਨਮੋਲ ਹੀਰੇ ਕੌਮ ਦੇ

ਰਵਿਦਾਸੀਆ ਧਰਮ ਦਾ ਜਿਨ੍ਹਾਂ ਝੰਡਾ ਲਹਿਰਾ ਦਿੱਤਾ,
ਕੋਨੇ ਕੋਨੇ ਵਿਚ ਦੁਨਿਆ ਦੇ ਸੰਦੇਸ਼ ਪਹੁੰਚਾ ਦਿੱਤਾ,
ਸੁਣਦਾ ਜੋ ਵੀ ਹੱਥ ਜੋੜ ਕੇ ਕਰਦਾ ਸਲਾਮ,
ਸੰਤ ਸੁਰਿੰਦਰ ਦਾਸ ਬਾਵਾ ਜੀ ਨੂੰ ਸੰਗਤ ਕਰਦੀ ਪ੍ਰਣਾਮ।

ਬਾਣੀ ਦਾ ਇੱਕ ਇੱਕ ਅੱਖਰ ਨਾਲ ਅਰਥ ਸਮਝਾਉਂਦੇ ਨੇ,
ਗੱਦ ਗੱਦ ਹੁੰਦੀ ਰੂਹ ਓਦੋਂ ਜਦੋਂ ਸਤਿਸੰਗ ਆਪ ਸੁਣਾਉਂਦੇ ਨੇ,
ਜੈ ਗੁਰਦੇਵ ਦਾ ਨਾਅਰਾ ਦਿੱਤਾ ਦੁਨੀਆ ਨੂੰ ਪੈਗਾਮ,
ਸੰਤ ਸੁਰਿੰਦਰ ਦਾਸ ਬਾਵਾ ਜੀ ਨੂੰ ਸੰਗਤ ਕਰਦੀ ਪ੍ਰਣਾਮ।

ਕਾਹਨਪੁਰ ਵਿਚ ਡੇਰਾ ਲਾਇਆ ਗੁਰਾਂ ਦੀ ਪਾਲਕੀ ਧਰ ਤੀ,
ਅੰਮ੍ਰਿਤਬਾਣੀ ਗੁਰਾਂ ਦੀ ਜੀ ਵਿਚ ਸ਼ਸ਼ੋਵਿਤ ਕਰ ਤੀ,
ਬਾਣੀ ਦਾ ਪ੍ਰਵਾਹ ਹੈ ਚਲਦਾ ਹਰ ਦਮ ਸੁਭ੍ਹਾ ਅਤੇ ਸ਼ਾਮ,
ਸੰਤ ਸੁਰਿੰਦਰ ਦਾਸ ਬਾਵਾ ਜੀ ਨੂੰ ਸੰਗਤ ਕਰਦੀ ਪ੍ਰਣਾਮ।

ਆਓ ਸੰਗਤੇ ਏਕਾ ਕਰਕੇ ਗੁਰਾਂ ਦੇ ਚਰਨੀ ਲੱਗ ਜਾਈਏ,
ਜੋ ਅਧੂਰੇ ਕੰਮ ਪਏ ਨੇ ਉਹਨਾਂ ਨੂੰ ਪੂਰੇ ਕਰ ਲਈਏ,
ਸੰਤ ਸੂਰਮੇ ਬਾਵਾ ਜੀ ਵਰਗੇ ਹੁੰਦੇ ਵਿਰਲੇ ਵਿਚ ਜਹਾਨ।
ਸੰਤ ਸੁਰਿੰਦਰ ਦਾਸ ਬਾਵਾ ਜੀ ਨੂੰ ਸੰਗਤ ਕਰਦੀ ਪ੍ਰਣਾਮ।

ਬਲਵਿੰਦਰ ਪੁਆਰ ਨਿਮਾਣਾ ਕਹਿੰਦਾ ਉੱਚੀ ਉਹਨਾਂ ਦੀ ਸ਼ਾਨ,
ਬੇਅੰਤ ਹੈ ਸ਼ਿਫਤ ਉਹਨਾਂ ਦੀ ਕੀ-ਕੀ ਕਰਾਂ ਬਿਆਨ,
ਅਨਮੋਲ ਹੀਰੇ ਕੌਮ ਦੇ ਛਪਦੇ ਲੇਖ ਤਮਾਮ,
ਸੰਤ ਸੁਰਿੰਦਰ ਦਾਸ ਬਾਵਾ ਜੀ ਨੂੰ ਸੰਗਤ ਕਰਦੀ ਪ੍ਰਣਾਮ।

ਬਲਵਿੰਦਰ ਪੁਆਰ

# ਬਾਵਾ ਜੀ ਦੇ ਆਉਣਾ

ਅੱਜ ਕੱਲ ਰਵਿਦਾਸੀਆ ਦੀ ਬੱਲੇ ਬੱਲੇ ਆ,
ਜਿਹਨੂੰ ਪੁੱਛੋ ਕਹਿੰਦੇ ਅਸੀਂ ਕਾਹਨਪੁਰ ਚੱਲੇ ਆ,
ਕੌਮ ਦੇ ਲੇਖੇ ਜਿਹਨਾਂ ਜੀਵਨ ਲਗਾਉਣਾ ਏ,
ਰਵਿਦਾਸੀਆ ਨੇ ਸਿੱਧਾ ਬਾਵਾ ਜੀ ਦੇ ਆਉਣਾ ਏ।

ਬਾਵਾ ਜੀ ਨੇ ਸਤਿਸੰਗ ਵਿਚ ਸਮਝਾਉਂਣਾ ਏ,
ਗੁਰੂ ਰਵਿਦਾਸ ਜੀ ਦਾ ਨਾਮ ਧਿਆਉਂਣਾ ਏ,
ਸਭਨਾਂ ਨੂੰ ਪ੍ਰੇਮ ਦਾ ਪਾਠ ਪੜਾਉਣਾ ਏ,
ਰਵਿਦਾਸੀਆ ਨੇ ਸਿੱਧਾ ਬਾਵਾ ਜੀ ਦੇ ਆਉਣਾ ਏ।

ਬੇਗਮਪੁਰੇ ਦੀ ਜਿੱਥੇ ਚੱਲਦੀ ਕਹਾਣੀ ਆ,
ਰੱਬ ਨੂੰ ਮਿਲਾਉਂਦੀ ਸੱਚੀ ਅੰਮ੍ਰਿਤਬਾਣੀ ਆ,
ਦੁਖੀਆਂ ਗਰੀਬਾਂ ਬੇੜਾ ਪਾਰ ਲਗਾਉਂਣਾ ਏ,
ਰਵਿਦਾਸੀਆ ਨੇ ਸਿੱਧਾ ਬਾਵਾ ਜੀ ਦੇ ਆਉਣਾ ਏ।

ਕੋਈ ਕਹਿੰਦਾ ਸੰਤਾਂ ਨੇ ਰੂਪ ਬਦਲਾਏ ਨੇ,
ਸਤਿਗੁਰੂ ਸਰਵਣ ਦਾਸ ਬਚਨ ਨਾਲ ਆਏ ਨੇ,
ਅਣਖੀ ਚਮਾਰ ਜਿਹਨੇ ਧਰਮ ਚਲਾਉਣਾ ਏ,
ਰਵਿਦਾਸੀਆ ਨੇ ਸਿੱਧਾ ਬਾਵਾ ਜੀ ਦੇ ਆਉਣਾ ਏ।

ਸੋ ਨਿਰਭੈ ਦੇ ਜੈਕਾਰੇ ਜਿਹੜਾ ਲਾਊਗਾ,
ਲਿੱਦੜਾਂ ਵਾਲਾ ਵੀ ਸੱਚਿਆਂ ਦੇ ਗੁਣ ਗਾਊਗਾ,
ਹਰਿ ਵਾਲਾ ਝੰਡਾ ਸਾਰੇ ਜੱਗ ਤੇ ਝੁਲਾਉਣਾ ਏ,
ਰਵਿਦਾਸੀਆ ਨੇ ਸਿੱਧਾ ਬਾਵਾ ਜੀ ਦੇ ਆਉਣਾ ਏ।

ਰਾਜ ਲਿੱਦੜਾਂ

## ਉਸਤਤ:- ਸੰਤ ਸੁਰਿੰਦਰ ਦਾਸ ਬਾਵਾ ਜੀ

ਸਦੀਆਂ ਤੋਂ ਸੀ ਪਾਣੀ ਭਰਦੇ ,ਸਭ ਦੀ ਰਹੇ ਗੁਲਾਮੀ ਕਰਦੇ ,
ਨਾ ਡਰ ਭਰਮ ਕੋਈ ਹੁਣ ਰਵਿਦਾਸੀਆ ਧਰਮ ਅਪਨਾਉਣਾ ,
ਬਾਵਾ ਜੀ ਸੁਰਿੰਦਰ ਦਾਸ ਜੇਹਾ, ਨਾ ਕੋਈ ਰਵਿਦਾਸੀਆ ਧਰਮ ਵਿੱਚ ਹੋਣਾ ,
ਜਿਸ ਛੋਟੀ ਉਮਰੇ ਹੀ ਪੁਲਾਘਾਂ ਵੱਡੀਆ ਵੱਡੀਆ ਭਰੀਆਂ ,
ਜਾ ਵਿੱਚ ਵਿਦੇਸ਼ਾ ਦੇ,ਸਿਫ਼ਤਾਂ ਆਪਣੇ ਧਰਮ ਦੀਆ ਕਰੀਆਂ ,
ਚੁੱਕ ਝੰਡਾ ਬਗਾਵਤ ਦਾ ਕਹਿੰਦੇ ਆਪਣਾ ਮਿਸ਼ਨ ਚਲਾਉਣਾ ,
ਬਾਵਾ ਜੀ ਸੁਰਿੰਦਰ ਦਾਸ ਜੇਹਾ, ਨਾ ਕੋਈ ਰਵਿਦਾਸੀਆ ਧਰਮ ਵਿੱਚ ਹੋਣਾ ।
ਚਾਹੇ ਔਖੇ ਪੈਂਡੇ ਨੇ, ਮਰਨੋ ਫਿਰ ਵੀ ਮੂਲ ਨਾ ਡਰਿਆ ,
ਸੁੱਪਨਾ ਸੰਤ ਰਾਮਾ ਨੰਦ ਜੀ ਦਾ ਕਰਨਾ ਪੂਰਾ ਮਨ ਵਿੱਚ ਧਰਿਆ,
ਇਸ ਅਣਖੀ ਯੋਧੈ ਨੇ ,ਦੱਸਿਆ ਆਪਣਾ ਧਰਮ ਚਲਾਉਣਾ ,
ਬਾਵਾ ਜੀ ਸੁਰਿੰਦਰ ਦਾਸ ਜੇਹਾ, ਨਾ ਕੋਈ ਰਵਿਦਾਸੀਆ ਧਰਮ ਵਿੱਚ ਹੋਣਾ ।
ਪੜੋ ਅਮ੍ਰਿੰਤਬਾਣੀ ਨੂੰ ਸੰਗਤੇ ,ਜੀਵਨ ਸਫਲ ਬਣਾਓ ,
ਪੱਲਾ ਫੜ ਲਓ ਸਤਿਗੁਰ ਦਾ ,ਮਾਰਗ ਮੁਕਤੀ ਵਾਲਾ ਪਾਓ,
ਦੁਨੀਆਂ ਦੇ ਹਰ ਕੌਨੇ ਤੇ ,ਤੁਸਾਂ ਨੇ ਹਰਿ ਦਾ ਝੰਡਾ ਝੁਲਾਉਣਾ ,
ਬਾਵਾ ਜੀ ਸੁਰਿੰਦਰ ਦਾਸ ਜੇਹਾ, ਨਾ ਕੋਈ ਰਵਿਦਾਸੀਆ ਧਰਮ ਵਿੱਚ ਹੋਣਾ ।
ਸਾਰੇ ਹੀ ਧਰਮਾਂ ਦਾ ਦੱਸੇ ਸਤਿਕਾਰ ਤੁਸਾਂ ਹੈ ਕਰਨਾ ,
ਹੱਕ ਕਿਸੇ ਦਾ ਖਾਣਾ ਨਹੀ ,ਅਣਖ ਨਾਲ ਜੀਣਾ ਅਣਖ ਨਾਲ ਮਰਨਾ ,
ਕਲੇਰ ਜੰਡੂ ਸਿੰਘੀਏ ਨੇ ਏ ਗੀਤ ਲਿਖਣਾ ਬੰਗੜਾਂ ਨੇ ਗਾਉਣਾ ,
ਬਾਵਾ ਜੀ ਸੁਰਿੰਦਰ ਦਾਸ ਜੇਹਾ, ਨਾ ਕੋਈ ਰਵਿਦਾਸੀਆ ਧਰਮ ਵਿੱਚ ਹੋਣਾ ।

ਕਾਂਸ਼ੀ ਰਾਮ 'ਕਲੇਰ'

## ਵਿਦੇਸ਼ ਦੀ ਧਰਤੀ ਉਪਰ ਸੰਤ ਸੁਰਿੰਦਰ ਦਾਸ ਬਾਵਾ ਜੀ ਵਲੋਂ ਕੀਤਾ ਜਾ ਰਿਹਾ ਪ੍ਰਚਾਰ ਤੇ ਪ੍ਰਸਾਰ

ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ ਮਿਸ਼ਨ ਪ੍ਰਚਾਰ ਹਿੱਤ ਅਤੇ ਰਵਿਦਾਸੀਆ ਸਮਾਜ ਵਿੱਚ ਜਾਗ੍ਰਿਤੀ ਦੀ ਲਹਿਰ ਨੂੰ ਹੋਰ ਤੇਜ਼ ਕਰਨ ਲਈ ਰਵਿਦਾਸੀਆ ਧਰਮ ਦੇ ਪ੍ਰਚਾਰ ਹਿੱਤ ਮਾਨਵਤਾ ਵਿੱਚ ਅਮਨ ਦੀ ਜੋਤ ਸਤਿਗੁਰੂ ਰਵਿਦਾਸ ਜੀ ਦੇ ਪਾਵਨ ਗ੍ਰੰਥ ਅੰਮ੍ਰਿਤਬਾਣੀ ਦਾ ਪਾਵਣ ਉਪਦੇਸ਼ ਜਨ ਜਨ ਤੱਕ ਪੁਹਚਾਉਣ ਲਈ ਜਿਥੇ ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਭਾਰਤ ਦੀ ਧਰਤੀ ਉੱਪਰ ਦਿਨ ਰਾਤ ਇਕ ਕਰਕੇ ਪ੍ਰਚਾਰ ਵਿੱਚ ਤੇਜੀ ਲਿਆਂਦੀ ਉਥੇ ਆਪ ਜੀ ਨੇ ਵਿਦੇਸ਼ਾ ਵਿੱਚ ਵੀ ਪ੍ਰਚਾਰ ਯਾਤਰਾਵਾਂ ਕਰ ਰਹੇ ਹਨ ਆਪਣਾ ਸਾਰਾ ਜੀਵਨ ਸਮਾਜ ਦੇ ਭਲੇ ਹਿੱਤ ਲਗਾਇਆ ਹੋਇਆ ਹੈ। ਸਮਾਜ ਦੇ ਹਿੱਤ ਵਿਚ ਚਿੰਤਨ ਵਿੱਚ ਸਮਾਜ ਦੀ ਸੇਵਾ ਵਿੱਚ ਲੀਨ ਰਹਿਣਾ ਉਹਨਾ ਦੀ ਜਿੰਦਗੀ ਦਾ ਮਕਸਦ ਹੈ । ਸਮਾਜ ਨੂੰ ਪ੍ਰਭੂ ਬੰਦਗੀ ਨਾਲ ਜੋੜਦਿਆਂ ਬੇਗਮਪੁਰ ਦੀ ਵਿਚਾਰਧਾਰਾ ਤੋ ਜਾਣੂ ਕਰਵਾਉਣਾ ਉਹਨਾਂ ਦਾ ਮਨੋਰਥ ਹੈ। ਸੰਤ ਸੁਰਿੰਦਰ ਦਾਸ ਜੀ ਬਾਵਾ ਰਵਿਦਾਸੀਆ ਧਰਮ ਦਾ ਪ੍ਰਚਾਰ ਵਿਦੇਸ਼ਾਂ ਦੀ ਧਰਤੀ ਉਪਰ ਵੱਡੀ ਪੱਧਰ ਉੱਤੇ ਕਰ ਰਹੇ ਹਨ । ਉਹਨਾ ਨੇ ਆਪਣੀ ਯਾਤਰਾਵਾਂ ਦੋਰਾਨ ਰਵਿਦਾਸੀਆ ਧਰਮ ਅਤੇ ਅੰਮ੍ਰਿਤਬਾਣੀ ਦਾ ਪ੍ਰਚਾਰ ਕਰਦਿਆ ਸੰਗਤਾਂ ਨੂੰ ਜਗਤਗੁਰੂ ਰਵਿਦਾਸ ਮਿਸ਼ਨ ਨਾਲ ਜੋੜਿਆ 6 ਨਵੰਬਰ ਤੋ 19 ਨਵੰਬਰ 2014 ਨੂੰ ਉਹਨਾ ਨੇ ਯੂਰਪ ਦੀ ਯਾਤਰਾ ਕੀਤੀ ਜਿਸ ਵਿੱਚ ਉਹਨਾ ਨੇ ਮਾਨਵਤਾ ਦੇ ਭਲੇ ਰਵਿਦਾਸੀਆ ਧਰਮ ਅਤੇ ਅੰਮ੍ਰਿਤਬਾਣੀ ਦੀਆ ਵਿਚਾਰਾਂ ਸੰਗਤਾ ਨਾਲ ਸਾਂਝੀਆ ਕੀਤੀਆ ।

ਸੰਤ ਸੁਰਿੰਦਰ ਦਾਸ ਜੀ ਬਾਵਾ ਨੇ ਸ੍ਰੀ ਗੁਰੂ ਰਵਿਦਾਸ ਦਰਵਾਰ ਬਾਰਗਾਮੋ ਵਿਖੇ ਸ਼ਨੀਵਾਰ ਨੂੰ ਸਤਿਸੰਗ ਕੀਤਾ ਅਤੇ ਸੰਗਤਾ ਨੂੰ ਆਪਣੇ ਪ੍ਰਵਚਨਾ ਨਾਲ ਨਿਹਾਲ ਕਰਦਿਆ ਜਗਤ ਗੁਰੂ ਰਵਿਦਾਸ ਜੀ ਦੀ ਅੰਮ੍ਰਿਤਬਾਣੀ ਦੀ ਅੰਮ੍ਰਿਤ ਮਈ ਧਾਰਾ

ਵਿੱਚ ਇਸ਼ਨਾਨ ਕਰਵਾਇਆ ਦਿਨ ਐਤਵਾਰ ਨੂੰ ਗੁਰੂ ਰਵਿਦਾਸ ਦਰਵਾਰ ਮਾਨਤੋਵਾ ਵਿਖੇ ਸੰਗਤਾਂ ਨੂੰ ਉਪਦੇਸ਼ ਦਿੰਦੀਆਂ ਬੇਗਮਪੁਰ ਦੇ ਮਿਸ਼ਨ ਤੋਂ ਜਾਣੂ ਕਰਵਾਇਆ ਅਤੇ ਐਤਵਾਰ ਸ਼੍ਰੀ ਗੁਰੂ ਰਵਿਦਾਸ ਟੈਂਪਲ ਵਿਆਨਾ ਆਸਟਰੀਆ ਵਿਖੇ ਸੰਗਤਾਂ ਨੂੰ ਅੰਮ੍ਰਿਤਬਾਣੀ ਨਾਲ ਜੋੜਿਆ ।

26 ਮਈ 2015 ਤੋ ਲੈ ਕੇ 17 ਜੁਲਾਈ ਤੱਕ ਉਹਨਾ ਨੇ ਵਿਦੇਸ਼ ਦੀ ਯਾਤਰਾਂ ਕੀਤੀ ਜਿਸ ਵਿੱਚ 31 ਮਈ 2015 ਨੂੰ ਵਿਰੋਨਾ ਇਟਲੀ ਵਿਖੇ ਸਤਿਸੰਗ ਕੀਤਾ ਅਤੇ 7 ਜੂਨ 2015 ਨੂੰ ਸ਼੍ਰੀ ਗੁਰੂ ਰਵਿਦਾਸ ਦਰਵਾਰ ਮਾਨਤੋਵਾ ਵਿਖੇ ਸਤਿਸੰਗ ਕੀਤਾ ਜਿਸ ਵਿੱਚ ਆਪ ਜੀ ਨੇ ਅੰਮ੍ਰਿਤ ਬਾਣੀ ਦਾ ਪਾਵਨ ਉਪਦੇਸ਼ ਸੰਗਤਾ ਨੂੰ ਸਮਝਾਇਆ :-

ਐਸਾ ਧਿਆਨ ਧਰੋ ਬਨਵਾਰੀ ।
ਮਨ ਪਵਨ ਦਿੜਿ ਸੁਖਮਨ ਨਾੜੀ ॥ਟੇਕ॥

ਸ਼ਬਦ ਦੀ ਬੜੀ ਸਰਲ ਜੇਹੀ ਵਿਅਖਿਆ ਕਰਕੇ ਸਤਿਸੰਗੀ ਰੂਹਾਂ ਉਤੇ ਬਖਸ਼ਿਸ਼ ਕੀਤੀ ਇਕ ਅਨੰਦ ਮਈ ਅਵਸਥਾ ਵਿੱਚ ਲੀਨ ਕਰਵਾਇਆ।

14 ਜੂਨ ਨੂੰ ਸ਼੍ਰੀ ਗੁਰੂ ਰਵਿਦਾਸ ਟੈਂਪਲ ਵਿਆਨਾ ਆਸਟਰੀਆ ਵਿਖੇ ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਦੀ ਬਰਸੀ ਸਮਾਗਮ ਮਨਾਇਆ ਗਿਆ। ਜਿਸ ਵਿੱਚ ਆਪ ਜੀ ਨੇ ਪਰਮ ਪੂਜਨੀਕ ਪਿਤਾ ਸਤਿਗੁਰੂ ਸਰਵਣ ਦਾਸ ਜੀ ਦੇ ਜੀਵਨ ਉਪਰ ਚਾਨਣਾ ਪਾਇਆ ਅਤੇ ਮਿਸ਼ਨ ਲਈ ਕੀਤੇ ਮਹਾਨ ਕਾਰਜਾਂ ਨੂੰ ਸੰਗਤਾਂ ਦੇ ਚੇਤਿਆਂ ਵਿਚ ਵਸਾਇਆ । ਜਿਕਰ ਯੋਗ ਹੈ ਸਤਿਸੰਗ ਪੰਜ ਦਿਨ ਚੱਲਿਆ ਰੋਜਾਨਾ ਸੰਗਤ ਭਾਰੀ ਗਿਣਤੀ ਵਿੱਚ ਜੁੜਦੀ ਇਥੇ ਸੰਗਤਾ ਨੇ ਗੁਰੂ ਦੇ ਬਚਨਾਂ ਦਾ ਭਰਪੂਰ ਲਾਭ ਉਠਾਇਆ ।

23 ਜੂਨ ਨੂੰ ਸ਼੍ਰੀ ਗੁਰੂ ਰਵਿਦਾਸ ਟੈਂਪਲ ਵਚੈਸਾਂ ਇਟਲੀ ਵਿਖੇ ਸ਼ਾਮ ਨੂੰ ਦੀਵਾਨ ਸਜਾਏ ਗਏ ਉਸ ਉਪਰੰਤ 24 ਜੂਨ ਨੂੰ

ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਜੋਤੀ ਜੋਤ ਪੁਰਵ ਮਨਾਇਆ ਗਿਆ ਜਿਸ ਵਿੱਚ ਸੰਗਤਾ ਭਾਰੀ ਗਿਣਤੀ ਵਿੱਚ ਇਕੱਠੀਆ ਹੋਈਆ ।

28 ਜੂਨ ਨੂੰ ਸ਼੍ਰੀ ਗੁਰੂ ਰਵਿਦਾਸ ਦਰਵਾਰ ਬੈਰਗਾਮੋ ਵਿਖੇ ਅਮਰ ਸ਼ਹੀਦ ਸੰਤ ਰਾਮਾ ਨੰਦ ਜੀ ਦਾ ਸ਼ਹੀਦੀ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਸੰਤ ਸੁਰਿਦਰ ਦਾਸ ਜੀ ਬਾਵਾ ਨੇ ਸ਼ਬਦ :-

'ਖੋਜਤ ਕਿਥੂ ਫਿਰੇ ਤੇਰੇ ਘਟ ਮੇ ਸਿਰਜਣਹਾਰ' ਦੀ ਸਰਲ ਵਿਆਖਿਆ ਰਾਹੀ ਸੰਗਤਾਂ ਨੂੰ ਪ੍ਰਭੂ ਨਾਲ ਜੋੜਿਆ।

4 ਜੁਲਾਈ ਨੂੰ ਸ਼੍ਰੀ ਗੁਰੂ ਰਵਿਦਾਸ ਟੈਂਪਲ ਬਾਰੀ ਵਿਖੇ ਸੰਤ ਸਰਵਣ ਦਾਸ ਜੀ ਦਾ ਬਰਸੀ ਸਮਾਗਮ ਮਨਾਇਆ ਗਿਆ ।

12 ਜੁਲਾਈ 2015 ਨੂੰ ਸ਼੍ਰੀ ਗੁਰੂ ਰਵਿਦਾਸ ਭਵਨ ਲੀਸਵਨ ਪੁਰਤਗਾਲ ਵਿਖੇ ਮਹਾਨ ਸੰਤ ਸਮਾਗਮ ਹੋਇਆ ਉਥੇ ਵੀ ਸੰਗਤਾਂ ਭਾਰੀ ਗਿਣਤੀ ਵਿੱਚ ਇਕੱਤਰ ਹੋਈਆ ਇਸ ਤਰ੍ਹਾਂ ਸੰਤ ਸੁਰਿੰਦਰ ਦਾਸ ਜੀ ਬਾਵਾ ਜੀ ਵਿਦੇਸ਼ ਦੀਆ ਸੰਗਤਾ ਨੂੰ ਨਿਹਾਲ ਕਰਦੇ ਹੋਏ ਵਾਪਿਸ ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ,ਕਾਹਨ ਪੁਰ (ਜਲੰਧਰ) ਪਹੁੰਚੇ ਜਿਥੇ ਸੰਗਤਾ ਨੇ ਬੜੇ ਜੋਸ਼ ਨਾਲ ਸਵਾਗਤ ਕੀਤਾ।



# ਗਰੀਸ ਦੀ ਯਾਤਰਾ 15 ਅਕਤੂਬਰ 2015 ਤੋਂ 13 ਨਵੰਬਰ ਤੱਕ

## ਸ੍ਰੀ ਗੁਰੂ ਰਵਿਦਾਸ ਦਰਬਾਰ ਕਰੋਪੀ ਐਥਨ ਵਿਖੇ ਸਤਿਸੰਗ

ਸ੍ਰੀ ਗੁਰੂ ਰਵਿਦਾਸ ਦਰਬਾਰ ਕਰੋਪੀ ਐਥਨ ਗਰੀਸ ਵਿਖੇ ਸਤਿਸੰਗ 18 ਅਕਤੂਬਰ ਦਿਨ ਐਤਵਾਰ ਨੂੰ ਸਤਿਸੰਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਗਰੀਸ ਦੀਆ ਸੰਗਤਾਂ ਵਲੋ ਅੰਮ੍ਰਿਤਬਾਣੀ ਦੇ ਜਾਪ ਕਰਵਾਏ ਗਏ ਜੋ ਕਿ ਭਾਈ ਅਮਰਜੀਤ ਅਤੇ ਬਿੱਲਾ ਜੀ ਨੇ ਜਾਪ ਕਰਵਾਏ ਜਿਸ ਵਿੱਚ 108 ਸੰਤ ਸੁਰਿੰਦਰ ਦਾਸ ਜੀ ਬਾਵਾ ਜੀ ਦਾ ਗੁਰੂ ਘਰ ਪਹੁੰਚਣ ਉੱਤੇ ਸੰਗਤਾਂ ਵਲੋ ਨਿੱਘਾ ਸਵਾਗਤ ਕੀਤਾ ਗਿਆ ਇਸ ਸਮਾਗਮ ਵਿੱਚ ਗਰੀਸ ਦੇ ਕੋਨੇ ਕੋਨੇ ਤੋ ਸੰਗਤਾਂ ਪਹੁੰਚੀਆਂ,ਦੀਵਾਨ ਕੀਰਤਨ ਵਿੱਚ ਸ੍ਰੀ ਸ਼ੁਭਾਂਸ ਜੀ,ਲੇਖਰਾਜ ਲਸਾੜਾਂ ਜੀ ,ਸ਼ਿੰਦਾ ਰਾਣੀ ਪੁਰੀਆ ,ਜਸਵਿੱਦਰ ਰਈਆ ,ਗੁਰਧਿਆਨ ਜੀ  ਆਦਿ ਨੇ ਸੰਗਤਾ ਨੂੰ ਮਿਸ਼ਨਰੀ ਗੀਤ ਸਰਵਨ ਕਰਵਾਏ।ਉਪਰੰਤ ਮਿਸ਼ਨਰੀ ਗਾਇਕ ਜੀਵਨ ਸੋਹਲ ਜੀ ਨੇ ਸਾਰੇ ਜੱਗ ਦੇ ਗੁਰੂ ਅਤੇ ਕੌਮ ਵਾਜਾਂ ਮਾਰਦੀ ਅਦਿ ਗੀਤ ਸਰਵਨ ਕਰਵਾਏ ਉਹਨਾਂ ਤੋਂ ਬਾਅਦ ਰਵਿਦਾਸੀਆ ਧਰਮ ਦੇ ਮਹਾਨ ਪ੍ਰਚਾਰਕ ਸ੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਰਵਿਦਾਸੀਆ ਧਰਮ ਅਤੇ ਅੰਮ੍ਰਿਤਬਾਣੀ ਅਤੇ ਜਗਤਗੁਰੂ ਰਵਿਦਾਸ ਜੀ ਮਹਾਰਾਜ ਦੇ ਕ੍ਰਾਂਤੀ ਕਾਰੀ ,ਸਮਾਜਵਾਦ ਅਤੇ ਅਧਿਆਤਮਕ ਉਪਦੇਸ਼ਾ ਤੇ ਚਾਨਣਾ ਪਾਇਆ ਅਤੇ ਨਸ਼ਿਆਂ ਦਾ ਤਿਆਗ ਕਰਨ ਅਤੇ ਬੱਚਿਆਂ ਨੂੰ ਵਿਦਿਆਂ ਪੜ੍ਹਾਉਣਾ ਅਤੇ ਸੰਤਾਂ ਦੀ ਸੰਗਤ ਕਰਨੀ ਅਤੇ ਪ੍ਰਭੂ ਭਗਤੀ ਕਰਕੇ ਜੀਵਨ ਸਫਲ ਬਨਾਉਣ ਦਾ ਉਪਦੇਸ਼ ਦਿੱਤਾ ਇੱਕ ਘੰਟਾ ਉਹਨਾਂ ਨੇ ਸਤਿਸੰਗ ਕੀਤਾ ਇਸ ਉਪਰੰਤ ਸ੍ਰੀ ਅਵਤਾਰ ਚੰਦ ਸੋਢੀ ਜੀ ਕਰੋਪੀ ,ਸ੍ਰੀ ਕਲਵੀਜ ਗਾਟ ਪ੍ਰਧਾਨ ਮਨੀਦੀ ,ਸ੍ਰੀ ਪਰਮਜੀਤ ਜੀ ਮਾਰਥੋਨਾ ਅਮਰਜੀਤ ਮੁਕੰਦਪੁਰੀ ,ਚਰਨਜੀਤ ,ਸ਼ਿਵ ਲਾਲ ,ਦਵਿੰਦਰ ਕੰਗ ,ਜਤਿੰਦਰ ਉਮਾਨ ,ਕਾਲਾ ਪਧਿਆਣੇਵਾਲਾ (ਮਿਸ਼ਨਰੀ ਗੀਤਕਾਰ),

ਦਿਲਾਵਰ ਅਥੀਨਾ ,ਅਸ਼ੋਕ ਕੁਮਾਰ ਬੱਧਨ,ਸ੍ਰੀ ਤਰਸੇਮ ਲਾਲ ਪੱਪੂ ਜੀ ,ਸੰਜੀਵ ਕੁਮਾਰ ,ਅਤੇ ਹੋਰ ਪੰਤਵੰਤੇ ਸੱਜਣਾਂ ਨੇ ਅੰਮ੍ਰਿਤਬਾਣੀ  ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਸਟੀਕ ਅਤੇ ਗੁਰੂ ਰਵਿਦਾਸ ਜੀ ਦੀਆਂ ਰਹਿਮਤਾਂ ਐਮ .ਪੀ 3 ਗਾਇਕ ਜੀਵਨ ਸੋਹਲ ਦੀਆਂ ਰਿਲੀਜ਼ ਕੀਤੀਆ ਗਈਆਂ ।ਅੰਮ੍ਰਿਤਬਾਣੀ ਦੇ ਜਾਪ ਦੀ ਸੇਵਾ ਸ੍ਰੀ ਚਮਨ ਲਾਲ ਅਤੇ ਜਸਵਿੰਦਰ ਰਈਆ ਨੇ ਕੀਤੀ ਇਸ ਸਮਾਗਮ ਵਿੱਚ ਸੰਗਤਾਂ ਭਾਰੀ ਗਿਣਤੀ ਵਿੱਚ ਪਹੁੰਚੀਆਂ।

ਰਿਪੋਟਰ :- ਜਸਵਿੰਦਰ ਰਈਆ

# 24 ਅਕਤੂਬਰ 2015 ਨੂੰ ਸ੍ਰੀ ਗੁਰੂ ਰਵਿਦਾਸ ਭਵਨ ਸੀਮਾਧਾਗੇ ਵਿਖੇ ਸਤਿਸੰਗ

ਜਗਤਗੁਰੂ ਰਵਿਦਾਸ ਜੀ ਭਵਨ ਸੀਮਾਧਾਗੇ ਵਿਖੇ 24 ਅਕਤੂਬਰ ਦਿਨ ਸ਼ਨੀਵਾਰ ਨੂੰ ਸਤਿ- ਸੰਗ ਦਾ ਆਯੋਜਨ ਕੀਤਾ ਗਿਆ, ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਜਾਪ ਭਾਈ ਰਜਿੰਦਰ ਜੀ ਵੱਲੋਂ ਕੀਤੇ ਗਏ,ਰਵਿਦਾਸੀਆ ਧਰਮ ਦੇ ਮਹਾਨ ਪ੍ਰਚਾਰਕ ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਦਾ ਗੁਰੂ ਘਰ ਪਹੁੰਚਣ ਉੱਤੇ ਨਿੱਘਾ ਸਵਾਗਤ ਕੀਤਾ ਗਿਆ ,ਉਪਰੰਤ ਕੀਰਤਨ ਦੀਵਾਨ ਸਜਾਏ ਗਏ,ਜਿਸ ਵਿੱਚ ਹਰਮਨ ਮੌਉਂਟੀ ,ਅਸ਼ੋਕ ਕੁਮਾਰ ,ਸਲੀਮ ਅਤੇ ਇੰਡੀਆ ਤੋ ਉਚੇਚੇ ਤੋਰ ਤੇ ਪਹੁੰਚੇ ਗਾਇਕ ਸ਼੍ਰੀ ਜੀਵਨ ਸੋਹਲ ਜੀ ਨੇ ਮਿਸ਼ਨਰੀ ਗੀਤਾ ਨਾਲ ਹਾਜ਼ਰੀ ਲਗਵਾਈ ਉਪਰੰਤ ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਰਵਿਦਾਸੀਆ ਧਰਮ ਅਤੇ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਅਧਿਆਤਮਕ ਉਪਦੇਸ਼ਾ ਚਾਨਣਾ ਪਾਇਆ ਅਤੇ 'ਤੁਮ ਕਰਹੁ ਕ੍ਰਿਪਾ ਮੋਹਿ ਸਾਂਈ' ਦੀ ਵਿਆਖਿਆ ਕੀਤੀ ਅਤੇ ਲਗਭਗ ਇਕ ਘੰਟਾ ਸਤਿਸੰਗ ਕੀਤਾ ਅਤੇ ਦੱਸਿਆ ਕਿ ਸਤਿਗੁਰੂ ਸਰਵਣ ਦਾਸ ਜੀ ਮਹਾਰਾਜ ਜੀ ਨੇ ਸਦੀਆਂ ਤੋਂ ਬਾਅਦ ਆਪਣੀ ਦਿਵ ਦ੍ਰਿਸ਼ਟੀ ਰਾਹੀ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਅਸਥਾਨ ਦੀ ਖੋਜ ਕਰਕੇ ਸਮਾਜ ਨੂੰ ਮਹਾਨ ਤੀਰਥ ਅਸਥਾਨ ਬਖਸ਼ਿਆ ਅਤੇ ਅਮਰ ਸ਼ਹੀਦ ਸੰਤ ਰਾਮਾ ਨੰਦ ਜੀ ਦੀ ਸ਼ਹਾਦਤ ਨੇ ਵਿਸ਼ਵ ਭਰ ਵਿੱਚ ਰਵਿਦਾਸੀਆ ਧਰਮ ਦੇ ਨਾਮ ਨਾਲ ਇੱਕ ਪਹਿਚਾਣ ਮਿਲੀ ।ਜਿਸ ਦਾ ਪ੍ਰਚਾਰ ਵਿਸ਼ਵ ਭਰ ਵਿੱਚ ਹੋ ਰਿਹਾ ਹੈ ।ਰਵਿਦਾਸੀਆ ਕੌਮ ਦਾ ਫਰਜ ਬਣਦਾ ਹੈ ਕਿ ਰਵਿਦਾਸੀਆ ਧਰਮ ਨੂੰ ਅੱਗੇ ਲੈ ਕੇ ਜਾਣ।ਇਸ ਉਪਰੰਤ ਆਰਤੀ ਦਾ ਗਾਇਨ ਕੀਤਾ ਗਿਆ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ ਇਸ ਸਮਾਗਮ ਵਿੱਚ ਸਮੂਹ ਸੰਗਤ ਨੇ ਯੋਗਦਾਨ ਪਾਇਆ ਸ਼੍ਰੀ ਸ਼ਿੰਦਾ ਜੀ ,ਅਸ਼ੋਕ ਜੀ ਦੇਸ਼ ਰਾਜ ਪੱਪਾ ਜੀ ਕਾਲਾ ਖਲਕੀ ਦਾ ਅਤੇ ਬਿੰਦੀ ਜੀ ਨੇ ਵਿਸ਼ੇਸ਼

ਯੋਗਦਾਨ ਪਾਇਆ ਇਸ ਵਿੱਚ ਸੰਗਤਾਂ ਨੇ ਭਾਰੀ ਗਿਣਤੀ 'ਚ ਇਕੱਠੀਆ ਹੋਇਆ।

## ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਨੂੰ ਗਰੀਸ ਦੀਆਂ ਸੰਗਤਾਂ ਵਲੋ ਗੋਲਡ ਮੈਡਲ ਨਾਲ ਸਨਮਾਨਤ ਕੀਤਾ ਗਿਆ।

25 ਅਕਤੂਬਰ ਦਿਨ ਐਤਵਾਰ ਨੂੰ ਸ਼੍ਰੀ ਗੁਰੂ ਰਵਿਦਾਸ ਜੀ ਸੁੱਖਸਾਗਰ ਸਭਾ ਮਨੀਦੀ ਗਰੀਸ ਵਲੋ ਸ਼੍ਰੀ ਗੁਰੂ ਰਵਿਦਾਸ ਸੁੱਖਸਾਗਰ ਦਰਵਾਰ ਮਨੀਦੀ ਵਿਖੇ ਰਵਿਦਾਸੀਆ ਧਰਮ ਅਤੇ ਅੰਮ੍ਰਿਤਬਾਣੀ ਨੂੰ ਸਮਰਪਿਤ ਸਤਿਸੰਗ ਦਾ ਆਯੋਜਨ ਕੀਤਾ ਗਿਆ,ਜਿਸ ਵਿੱਚ ਅੰਮ੍ਰਿਤਬਾਣੀ ਦੇ ਜਾਪ ਸ਼੍ਰੀ ਰਾਜਪਾਲ ਜੀ ਨੇ ਕੀਤੇ ।ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਦਾ ਗੁਰੂ ਘਰ ਪਹੁੰਚਣ ਤੇ ਨਿੱਘਾ ਸਵਾਗਤ ਕੀਤਾ ਗਿਆ ਇਸ ਸਮਾਗਮ ਵਿੱਚ ਗਰੀਸ ਦੇ ਕੋਨੇ ਕੋਨੇ ਤੋ ਸੰਗਤਾਂ ਪਹੁੰਚੀਆਂ ਦੀਵਾਨ ਸਜਾਏ ਗਏ ਸ਼੍ਰੀ ਸ਼ੁਭਾਸ ਜੀ ,ਬਲਵਿੰਦਰ ਜੀ ,ਬਖਸ਼ੀਸ਼ ਸ਼ੀਸ਼ਾ (ਭਬਿਆਣਾ) ਅਤੇ ਇੰਡੀਆ ਤੋ ਗਾਇਕ ਜੀਵਨ ਸੋਹਲ ਜੀ ਵਿਸ਼ੇਸ਼ ਤੋਰ ਤੇ ਪਹੁੰਚੇ ।ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਰਵਿਦਾਸੀਆ ਧਰਮ ਅੰਮ੍ਰਿਤਬਾਣੀ ਅਤੇ ਜਗਤ ਗੁਰੂ ਰਵਿਦਾਸ ਜੀ ਮਹਾਰਾਜ ਅਤੇ ਸਤਿਗੁਰੂ ਸਰਵਣ ਦਾਸ ਜੀ ਮਹਾਰਾਜ ਅਤੇ ਅਮਰ ਸ਼ਹੀਦ ਸੰਤ ਰਾਮਾ ਨੰਦ ਜੀ ਦੇ ਕਾਂਤੀਕਾਰੀ ਸਮਾਜਵਾਦ ,ਅਧਿਆਤਮਕ ਉਪਦੇਸ਼ ,ਆਪਣੇ ਬੱਚਿਆ ਨੂੰ ਪੜ੍ਹਾਉਣਾ,ਨਸ਼ਿਆਂ ਤੋ ਦੂਰ ਰਹਿਣ ਅਤੇ ਅਡੰਬਰਾਂ ਦਾ ਤਿਆਗ ਕਰਕੇ ਸੰਤਾਂ ਦੀ ਸੰਗਤ ,ਹਰਿ ਦਾ ਸਿਮਰਨ ਕਰਕੇ ਅਨਮੋਲ ਜੀਵਨ ਬਤੀਤ ਕਰਨ ਦਾ ਉਪਦੇਸ਼ ਦਿੱਤਾ ।ਰਵਿਦਾਸੀਆ ਧਰਮ ਕੌਮ ਦੀ ਪਹਿਚਾਨ ਹੈ ਇਸ ਨੂੰ ਅੱਗੇ ਲਿਜਾਉਣਾ ਸਾਡਾ ਫਰਜ ਹੈ ।ਮਾਨਵਤਾ ਦੇ ਮਸੀਹਾ ਡਾ ਅੰਬੇਡਕਰ ਜੀ ਨੇ ਭਾਰਤੀ ਸੰਵਿਧਾਨ ਬਣਾ ਕੇ ਹਰ ਇਕ ਨਾਗਰਿਕ ਨੂੰ ਬਾਰਬਰਤਾ ਪ੍ਰਦਾਨ ਕੀਤੀ ਇਸ ਉਪਰੰਤ ਗਰੀਸ ਦੀ ਸਮੂਹ ਸੰਗਤ ਸ਼੍ਰੀ ਪਰਮ ਜੀ ਮਹਿਮੀ,ਸ਼੍ਰੀ ਕੁਲਬੀਰ ਗਾਟ ਪ੍ਰਧਾਨ,ਸ਼੍ਰੀ ਰਾਜਪਾਲ ਮਨੀਦੀ,ਸ਼੍ਰੀ ਅਵਤਾਰ ਚੰਦ ਸੋਢੀ ,ਸ਼੍ਰੀ ਅਸ਼ੋਕ ਬੱਧਨ ,ਸ਼੍ਰੀ ਜਸਵਿੱਦਰ ਰਈਆ ,ਸ਼੍ਰੀ ਮਹਿੰਦਰ ਪਾਲ ਜੀ ,ਸ਼੍ਰੀ ਧਰਮ ਪਾਲ ਜੀ ,ਸ਼੍ਰੀ ਬਲਵੀਰ ਚੰਦ ਕਰੋਪੀ ਅਤੇ ਹੋ ਪੱਤਵੰਤੇ ਸੱਜਣ ਵੱਲੋਂ ਸੰਤ ਸੁਰਿੰਦਰ ਦਾਸ ਜੀ ਨੂੰ ਉਹਨਾਂ ਦੀਆ ਕੀਤੀਆਂ ਜਾ ਰਹੀਆ ਸੇਵਾਵਾਂ ਲਈ ਉਹਨਾ ਨੂੰ ਗੋਲਡ ਮੈਡਲ ਦਿੱਤਾ ਇਸ ਸਮਾਗਮ ਵਿੱਚ ਭਾਰੀ ਗਿਣਤੀ ਵਿੱਚ ਸੰਗਤ ਇਕੱਤਰ ਹੋਈ।

ਰਿਪੋਟਰ :- ਜਸਵਿੰਦਰ ਰਈਆ

# ਸ੍ਰੀ ਗੁਰੂ ਰਵਿਦਾਸ ਦਰਵਾਰ ਮਾਰਥੋਨਾ ਵਿਖੇ ਸਤਿਸੰਗ

ਸ੍ਰੀ ਗੁਰੂ ਰਵਿਦਾਸ ਦਰਵਾਰ ਮਾਰਥੋਨਾ ਵਿਖੇ ਰਵਿਦਾਸੀਆ ਧਰਮ ਨੂੰ ਸਮਰਪਿਤ ਸਤਿਸੰਗ ਦਾ ਆਯੋਜਨ ਸ੍ਰੀ ਗੁਰੂ ਰਵਿਦਾਸ ਸਭਾ ਮਾਰਥੋਨਾ ਵੱਲੋਂ ਕੀਤਾ ਗਿਆ।ਜਿਸ ਵਿਚ ਡਾ. ਸਤਪਾਲ ਜੀ,ਸ੍ਰੀ ਜੀਵਨ ਸੋਹਲ ਜੀ ਤੇ ਵੱਖ ਵੱਖ ਮਿਸ਼ਨਰੀ ਕਲਾਕਾਰਾਂ ਨੇ ਆਪਣੀ ਹਾਜ਼ਰੀ ਲਗਵਾਈ ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਰਵਿਦਾਸੀਆ ਧਰਮ ਤੇ ਚਾਨਣਾ ਪਾਇਆ।

# ਕਰੀਤੀ ਗਰੀਸ ਵਿਖੇ ਸਤਿਸੰਗ

8 ਨਵੰਬਰ ਦਿਨ ਐਤਵਾਰ ਗਰੀਸ ਦੇ ਕਰੀਤੀ ਟਾਪੂ ਵਿਚ ਅਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਦੇ ਸਤਿਸੰਗ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਸ੍ਰੀ ਜੀਵਨ ਸੋਹਲ ਜੀ, ਸ੍ਰੀ ਜਸਵਿੰਦਰ ਰਈਆ ਅਤੇ ਅਸ਼ੋਕ ਕੁਮਾਰ ਨੇ ਸੰਗਤਾਂ ਨੂੰ ਸ਼ਬਦ ਸਰਵਣ ਕਰਵਾਏ।ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਰਵਿਦਾਸੀਆ ਧਰਮ ਅਤੇ ਅਮ੍ਰਿਤਬਾਣੀ ਦੇ ਸੰਗਤਾਂ ਨੂੰ ਸਤਿਸੰਗ ਸਰਵਨ ਕਰਵਾਏ।ਸ੍ਰੀ ਅਸ਼ੋਕ ਕੁਮਾਰ ਜੀ ਨੇ ਸੰਤਾਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ।

# ਸੰਤ ਸੁਰਿੰਦਰ ਦਾਸ ਬਾਵਾ ਜੀ ਦੀ ਡੁਬਈ ਯਾਤਰਾ ਮਿਤੀ 4 ਤੋਂ 9 ਜਨਵਰੀ 2016

ਸੰਤ ਸੁਰਿੰਦਰ ਦਾਸ ਬਾਵਾ ਜੀ ਦੇਸ਼ਾ ਪ੍ਰਦੇਸ਼ਾਂ ਵਿਚ ਜਾ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਵਿਚਾਰਧਾਰਾ ਦਾ ਪ੍ਰਚਾਰ ਤੇ ਪ੍ਰਸਾਰ ਕਰ ਰਹੇ ਹਨ।ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਮਿਤੀ 4 ਤੋਂ 9 ਜਨਵਰੀ 2016 ਤੱਕ ਯੂ.ਏ.ਈ ਦੇ ਵੱਖ ਵੱਖ ਸਹਿਰਾਂ ਦੁਬਈ,ਸਾਰਜ਼ਾਹ,ਸੋਨਾਪੁਰ,ਰੈਹਸਲਖੇਮਾ,ਅਜ਼ਮਾਨ ਵਿਖੇ ਸੰਗਤਾਂ ਵਲੋਂ ਬਾਵਾ ਜੀ ਦਾ ਨਿੱਘਾ ਸਵਾਗਤ ਕੀਤਾ ਗਿਆ।ਬਾਵਾ ਜੀ ਨੇ ਆਪਣੇ ਪ੍ਰਵਚਨਾ ਰਾਹੀ ਸਭ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਸਮਾਜਿਕ ਕੁਰੀਤੀਆ ਤੋ ਦੂਰ ਰਹਿਣ ਦਾ ਉਪਦੇਸ ਦਿੱਤਾ।

# ਸ੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ

31 ਦਸੰਬਰ 2015 ਰਵਿਦਾਸੀਆ ਧਰਮ ਪ੍ਰਚਾਰ ਜਨ-ਚੇਤਨਾ ਪ੍ਰਬੰਧਕ ਕਮੇਟੀ ਅਲਾਵਲਪੁਰ ਦੁਆਰਾ ਸਮੂਹ ਜਗਤਗੁਰੂ ਰਵਿਦਾਸ ਨਾਮਲੇਵਾ ਸੰਗਤ,ਮਹਾਰਿਸ਼ੀ ਬਾਲਮੀਕ ਸਭਾਵਾਂ,ਡਾ. ਅੰਬੇਡਕਰ ਸਭਾਵਾਂ ਦੇ ਸਹਿਯੋਗ ਨਾਲ ਪਹਿਲਾ ਮਹਾਨ ਜਨ ਚੇਤਨਾ ਸੰਤ ਸਮਾਗਮ ਮਨਾਇਆ ਗਿਆ।ਇਸ ਸੰਤ ਸਮਾਗਮ ਵਿਚ ਸਾਰੇ ਸੰਤ ਮਹਾਂਪੁਰਸ਼ਾ ਨੇ ਸੰਤ ਸੁਰਿੰਦਰ ਦਾਸ ਬਾਵਾ ਜੀ ਦੀ ਸਰਪ੍ਰਸਤੀ ਹੇਠ ਸ਼ੋਭਾ ਯਾਤਰਾ ਦੇ ਰੂਪ ਵਿਚ ਪੂਰੇ ਨਗਰ ਦੀ ਪਰਿਕਰਮਾਂ ਕੀਤੀ ।ਬੈਂਡ ਵਾਜਿਆਂ ਦੀਆਂ ਮਧੁਰ ਧੁਨਾਂ ਸ਼ੋਭਾ ਯਾਤਰਾ ਦੀ ਰੌਣਕ ਨੂੰ ਹੋਰ ਵਧਾ ਰਹੀਆਂ ਸਨ ਅਤੇ ਸੰਗਤਾਂ ਵੱਲੋਂ ਫੁੱਲਾਂ ਦੀ ਵਰਖਾ ਕੀਤੀ ਜਾ ਰਹੀ ਸੀ।ਸ਼ੋਭਾ ਯਾਤਰਾ ਦੌਰਾਨ ਵੱਖ ਵੱਖ ਥਾਵਾਂ ਤੇ ਚਾਹ ਪਕੌੜਿਆਂ ਦੇ ਲੰਗਰ ਚਲਾਏ ਗਏ।

ਉਪਰੰਤ ਸੁੰਦਰ ਸਜੇ ਦਿਵਾਨ ਵਿਚ ਸਭ ਤੋਂ ਪਹਿਲਾਂ ਅੰਮ੍ਰਿਤਬਾਣੀ ਸਤਿਗੁਰ ਰਵਿਦਾਸ ਮਹਾਰਾਜ ਜੀ ਕੇ ਪਾਵਨ ਜਾਪ ਕਰਵਾਏ ਗਏ। ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਸੰਸਥਾਪਕ ਰਵਿਦਾਸੀਆਂ ਧਰਮ ਪ੍ਰਚਾਰ ਕੇਂਦਰ ਕਾਹਨਪੁਰ.108 ਸੰਤ ਬੀਬੀ ਕ੍ਰਿਸ਼ਨਾ ਜੀ ਬੋਪਾਰਾਏ,ਮਹੰਤ ਕੇਸ਼ਵ ਬੰਗਾ ਜੀ ਗੜਸ਼ੰਕਰ,ਸ਼੍ਰੀ 108 ਸੰਤ ਮੋਹਨ ਦਾਸ ਜੀ,ਸ਼੍ਰੀ 108 ਸੰਤ ਚੰਨ ਪ੍ਰਕਾਸ਼ ਜੀ ਪਠਾਨਕੋਟ,ਸ਼੍ਰੀ 108 ਸੰਤ ਅਵਤਾਰ ਚੰਦ ਜੀ,ਸ਼੍ਰੀ 108 ਸੰਤ ਬਲਵੰਤ ਸਿੰਘ ਜੀ,ਸੰਤ ਹਰਵਿੰਦਰ ਦਾਸ ਜੀ,ਸੰਤ ਰਾਮ ਮੂਰਤੀ ਜੀ,ਸੰਤ ਧਰਮਾਨੰਦ ਜੀ ਨੇ ਅਮ੍ਰਿਤ ਰੂਪੀ ਪ੍ਰਵਚਨਾਂ ਰਾਹੀ ਸੰਗਤਾਂ ਨੂੰ ਗੁਰ ਚਰਨਾਂ ਨਾਲ ਜੋੜਿਆਂ। ਮਿਸ਼ਨਰੀ ਕੀਰਤਨੀ ਜੱਥਿਆਂ ਵਿਚ ਧੰਨਪਤ ਰਾਏ,ਬੰਗੜ ਬ੍ਰਦਰਜ਼,ਜੀਵਨ ਸੋਹਲ,ਪੀ.ਐਸ ਬਿੱਲਾ, ਜਸਵਿੰਦਰ ਰਈਆਂ ਨੇ ਆਪਣੇ ਮਿਸ਼ਨਰੀ ਗੀਤਾਂ ਰਾਹੀ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਅਵਸਰ ਤੇ ਪ੍ਰਬੰਧਕ ਕਮੇਟੀ ਵੱਲੋਂ ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ।ਸਟੇਜ ਸਕੱਤਰ ਦੀ ਸੇਵਾ ਸ਼੍ਰੀ ਕਾਂਸ਼ੀ ਰਾਮ ਕਲੇਰ ਜੀ ਨੇ ਬਾਖੂਬੀ ਨਿਭਾਈ।

ਗੁਰੂ ਦਾ ਲੰਗਰ ਅਟੁੱਟ ਵਰਤਾਇਆ ਗਿਆ।

# ਸ੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਵੱਲੋਂ ਰਚਿਤ ਕਵਿਤਾਵਾਂ:-

# ਰਵਿਦਾਸੀਆ ਧਰਮ ਦਾ ਐਲਾਨ

ਰਵਿਦਾਸੀਆ ਕੌਮ ਦਾ ਸਾਰੇ ਸੰਸਾਰ ਵਿੱਚ ਸਨਮਾਨ ਹੈ ਹੋਇਆ ,
ਮਾਘ ਪੂਰਨਿਮਾ 2010 ਰਵਿਦਾਸੀਆ ਧਰਮ ਦਾ ਐਲਾਨ ਹੈ ਹੋਇਆ।
ਜਗਤਗੁਰੂ ਰਵਿਦਾਸ ਜੀ ਮਹਾਰਾਜ ਹੈ ਰਹਿਬਰ ਸਾਡਾ,
ਰਵਿਦਾਸੀਆ ਧਰਮ ਦਾ ਹਰਿ ਦਾ ਨਿਸ਼ਾਨ ਹੈ ਸਾਡਾ,
ਸਮਾਜ ਸਾਡਾ ਜਾਗ ਪਿਆ ਜੋ ਸੁੱਤਾ ਸੀ ਹੋਇਆ,
ਮਾਘ ਪੂਰਨਿਮਾ 2010 ਰਵਿਦਾਸੀਆ ਧਰਮ ਦਾ ਐਲਾਨ ਹੈ ਹੋਇਆ।
ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਦਾ ਸਾਰੇ ਸੰਸਾਰ ਪ੍ਰਕਾਸ਼,
ਸੰਤ ਸਮਾਜ ਅਤੇ ਲੱਖਾ ਸੰਗਤਾਂ 'ਚ ਹੋਇਆ ਏ ਅੱਜ ਪਾਸ ,
ਸਤਿਗੁਰਾਂ ਨੇ ਬਖਸ਼ਿਆ ਜੋ ਸਦੀਆ 'ਚ ਸਾਡਾ ਹੱਕ ਸੀ ਖੋਇਆ,
ਮਾਘ ਪੂਰਨਿਮਾ 2010 ਰਵਿਦਾਸੀਆ ਧਰਮ ਦਾ ਐਲਾਨ ਹੈ ਹੋਇਆ।
ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਦੀ ਫੈਲਾਉਂਦੀ ਬ੍ਰਹਮ ਗਿਆਨ,
ਕੌਮ ਸਾਡੀ ਨੂੰ ਸਰਵਣ ਕਰਨੀ ਚਹੀਦੀ ਗੁਰੂ ਚਰਨਾ 'ਚ ਧਰ ਕੇ ਧਿਆਨ ,
ਐਸੀ ਹੋਈ ਰੁਸ਼ਨਾਈ ਸਾਰੇ ਜੱਗ ਵਿੱਚ ਪ੍ਰਕਾਸ਼ ਹੈ ਹੋਇਆ ,
ਮਾਘ ਪੂਰਨਿਮਾ 2010 ਰਵਿਦਾਸੀਆ ਧਰਮ ਦਾ ਐਲਾਨ ਹੈ ਹੋਇਆ।
ਸਤਿਗੁਰੂ ਸਰਵਣ ਦਾਸ ਨੇ ਕੌਮ ਨੂੰ ਤੀਰਥ ਅਸਥਾਨ ਹੈ ਬਖਸ਼ਿਆ ,
ਸੰਤ ਰਾਮਾਨੰਦ ਜੀ ਦੀ ਕੁਰਬਾਨੀ ਨੇ ਕੌਮ ਨੂੰ ਉਚਾ ਮਾਣ ਹੈ ਬਖਸ਼ਿਆ ,
ਸੰਤ ਸਮਾਜ ਦੀ ਕ੍ਰਿਪਾ ਨਾਲ ਧਰਮ ਦਾ ਐਲਾਨ ਹੈ ਹੋਇਆ ,
ਮਾਘ ਪੂਰਨਿਮਾ 2010 ਰਵਿਦਾਸੀਆ ਧਰਮ ਦਾ ਐਲਾਨ ਹੈ ਹੋਇਆ।

# ਰਵਿਦਾਸੀਆ ਧਰਮ

ਰਵਿਦਾਸੀਆ ਧਰਮ ਦਾ ਦੁਨੀਆਂ ਵਿੱਚ ਪ੍ਰਚਾਰ ਹੋ ਰਿਹਾ,
ਹਰ ਪਾਸੇ ਰਵਿਦਾਸੀਆ ਦਾ ਸਤਿਕਾਰ ਹੋ ਰਿਹਾ,
ਅੰਮ੍ਰਿਤਬਾਣੀ ਦਾ ਸੰਸਾਰ ਚ ਹਰ ਪਾਸੇ ਪ੍ਰਕਾਸ਼ ਹੋ ਰਿਹਾ
ਰਵਿਦਾਸੀਆ ਧਰਮ ਦਾ ਦੁਨੀਆਂ ਵਿੱਚ ਪ੍ਰਚਾਰ ਹੋ ਰਿਹਾ ।

ਧਰਮ ਦਾ ਰੁਤਬਾ ਦੁਨੀਆਂ ਵਿੱਚ ਖਾਸ ਹੋ ਰਿਹਾ ,
ਰਵਿਦਾਸੀਆ ਧਰਮ ਦਾ ਦੁਨੀਆਂ ਵਿੱਚ ਪ੍ਰਚਾਰ ਹੋ ਰਿਹਾ
ਹਰਿ ਦੇ ਨਿਸ਼ਾਨ ਦੁਨੀਆਂ ਵਿੱਚ ਝੂਲਣ ਲੱਗੇ ,
ਜੈ ਗੁਰਦੇਵ ਦੇ ਨਾਅਰੇ ਹਰ ਪਾਸੇ ਗੂੰਜਣ ਲੱਗੇ ,
ਸੀਰ ਗੋਵਰਧਨ ਪੁਰ ਦੁਨੀਆਂ ਵਿੱਚ ਮਸ਼ਹੂਰ ਹੋ ਰਿਹਾ
ਰਵਿਦਾਸੀਆ ਧਰਮ ਦਾ ਦੁਨੀਆਂ ਵਿੱਚ ਪ੍ਰਚਾਰ ਹੋ ਰਿਹਾ ।

ਭਗਵਾਨ ਵਾਲਮੀਕ,ਸਤਿਗੁਰੂ ਨਾਮਦੇਵ,ਕਬੀਰ,
ਤ੍ਰਿਲੋਚਨ ਸਧਨਾ,ਸੈਨ ਜੀ ਮਹਾਨ ,
ਸਭ ਧਰਮਾਂ ਦਾ ਸਤਿਕਾਰ ਮਾਨਵਤਾ ਨਾਲ ਪਿਆਰ
ਗੁਣਾਂ ਦੀ ਖਾਨ ,ਸਦਾ ਚਾਰੀ ਜੀਵਨ ਦਾ ਵਿਚਾਰ ਹੋ ਰਿਹਾ ,
ਰਵਿਦਾਸੀਆ ਧਰਮ ਦਾ ਦੁਨੀਆਂ ਵਿੱਚ ਪ੍ਰਚਾਰ ਹੋ ਰਿਹਾ ।

ਸੰਤ ਸਰਵਣ ਦਾਸ ਜੀ ਦੀ ਕ੍ਰਿਪਾ ਮਹਾਨ ਹੈ,
ਰਵਿਦਾਸੀਆ ਧਰਮ ਕੌਮ ਦੀ ਸ਼ਾਨ ਹੈ,
ਹਰ ਪਾਸੇ ਅੱਜ ਸਾਡਾ ਮਾਣ ਹੋ ਰਿਹਾ,
ਰਵਿਦਾਸੀਆ ਧਰਮ ਦਾ ਦੁਨੀਆਂ ਵਿੱਚ ਪ੍ਰਚਾਰ ਹੋ ਰਿਹਾ ।

# ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ

ਹਰ ਪਾਸੇ ਹੋ ਰਿਹਾ ਅੱਜ ਇਸ ਦਾ ਸਤਿਕਾਰ ਹੈ
ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਅੰਮ੍ਰਿਤ ਭੰਡਾਰ ।

ਜਗਤਗੁਰੂ ਰਵਿਦਾਸ ਜੀ ਨੇ ਇਸ ਬਾਣੀ ਨੂੰ ਉਚਾਰਿਆ ਹੈ ,
ਦੇਸ਼ਾ ਵਿਦੇਸ਼ਾ ਵਿੱਚ ਜਾ ਕੇ ਸਤਿਗੁਰਾਂ ਨੇ ਇਸ ਨੂੰ ਪ੍ਰਚਾਰਿਆ ਹੈ,
ਰਵਿਦਾਸੀਆ ਧਰਮ ਦਾ ਇਹ ਧਰਮ ਗ੍ਰੰਥ ਹੇ ਮਹਾਨ,
ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਅੰਮ੍ਰਿਤ ਭੰਡਾਰ।

ਰਵਿਦਾਸੀਆ ਧਰਮ ਗੁਰੂ ਦੇ ਪੈਰੋਕਾਰਾ ਦੀ ਪਹਿਚਾਣ ਏ,
ਗੁਰੂ ਰਵਿਦਾਸ ਜੀ ਦਾ ਸਾਰੇ ਸੰਸਾਰ ਵਿੱਚ ਹੋ ਰਿਹਾ ਸਨਮਾਨ ਏ,
ਇਸ ਨੂੰ ਪੜ ਕੇ ਸੁਣ ਕੇ ਜੀਵਨ ਕਰਦਾ ਜਹਾਨ ਹੈ ,
ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਅੰਮ੍ਰਿਤ ਭੰਡਾਰ ।

ਸੰਤ ਸਮਾਜ ਇਸ ਅੰਮ੍ਰਿਤ ਬਾਣੀ ਨੂੰ ਇਕੱਤਰ ਕੀਤਾ ਹੈ ,
ਸ਼ਬਦ ,ਪਦੇ,ਪੈਤੀ ਅੱਖਰੀ ,ਹਫਤਾਵਾਰੀ ,
ਪੰਦਰਾਂ ਤਿਥੀਆ ਨੂੰ ਕੀਤਾ ਸ਼ਾਮਿਲ,
ਬਾਰਾਂ ਮਾਸ ਉਪਦੇਸ਼ ,ਵਿਆਹ ਦੀ ਵਿਧੀ,
ਅਤੇ ਸਲੋਕ ਰਵਿਦਾਸੀਆ ਧਰਮ ਦੀ ਜਾਨਹੈ,
ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਅੰਮ੍ਰਿਤ ਭੰਡਾਰ ।

ਵਿਸ਼ਵ ਦੇ ਕੋਨੇ ਕੋਨੇ ਵਿੱਚ ਅੰਮ੍ਰਿਤਬਾਣੀ ਦਾ ਪ੍ਰਕਾਸ਼ ਹੀ,
ਸੀਰ ਗੋਵਰਧਨਪੁਰ ਰਵਿਦਾਸੀਆ ਧਰਮ ਦਾ ਤੀਰਥ ਅਸਥਾਨ ਹੈ ,
ਹਰਿ ਦਾ ਝੰਡਾ ਧਰਮ ਦੀ ਵਧਾਉਂਦਾ ਸ਼ਾਨ ਹੈ,
ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਅੰਮ੍ਰਿਤ ਭੰਡਾਰ ।

# ਧੰਨ ਤੇਰੀ ਕਮਾਈ।

ਧੰਨ ਸਤਿਗੁਰ ਰਵਿਦਾਸ ਜੀ ਧੰਨ ਤੇਰੀ ਕਮਾਈ।
ਭੁੱਲੀ ਭੱਟਕੀ ਮਾਨਵਤਾ ਨੂੰ ਸੱਚ ਦੀ ਜੋਤ ਦਿਖਾਈ।

ਧੰਨ ਪਿਤਾ ਸੰਤੋਖ ਦਾਸ ਜੀ ਧੰਨ ਕਲਸੀ ਦੇਵੀ ਮਾਈ।
ਸੀਰ ਗੋਵਰਧਨਪੁਰ ਦੀ ਧਰਤੀ ਤੇ ਸਤਿਗੁਰਾਂ ਫੇਰੀ ਪਾਈ।
ਬੇਗਮਪੁਰੇ ਰਾਹੀ ਵਿਸ਼ਵ ਸ਼ਾਤੀ ਦਾ ਜਾਂਦੇ ਰਾਹ ਦਿਖਾਈ।
ਧੰਨ ਸਤਿਗੁਰ ਰਵਿਦਾਸ ਜੀ ਧੰਨ ਹੈ ਤੇਰੀ ਕਮਾਈ।

ਪ੍ਰਾਧੀਨਤਾ ਪਾਪ ਹੁੰਦੀ ਹੈ ਸਤਿਗੁਰ ਨੇ ਫਰਮਾਇਆ।
ਸੰਤ ਅਨੰਤਹਿ ਅੰਤਰੁ ਨਾਹੀ ਸਭ ਨੂੰ ਹੈ ਸਮਝਾਈਆ।
ਖਲਾਸ ਚਮਾਰਾ ਕਹਿ ਕੇ ਗੁਰਾਂ ਨੇ ਕੌਮ ਦੀ ਅਣਖ ਜਗਾਈ।
ਧੰਨ ਸਤਿਗੁਰ ਰਵਿਦਾਸ ਜੀ ਧੰਨ ਹੈ ਤੇਰੀ ਕਮਾਈ।

ਸ਼ਰਵਣ ਦਾਸ ਸੁਆਮੀ ਜੀ ਨੇ ਤੀਰਥ ਅਸਥਾਨ ਬਣਾਇਆ।
ਸੰਤ ਸਮਾਜ ਅਤੇ ਸੰਤਾਂ ਨੇ ਰਵਿਦਾਸੀਆ ਧਰਮ ਬਣਾਇਆ।
ਅੰਮ੍ਰਿਤਬਾਣੀ ਦੀ ਜੱਗ ਦੇ ਵਿਚ ਹੋ ਰਹੀ ਰੁਸ਼ਨਾਈ।
ਧੰਨ ਸਤਿਗੁਰ ਰਵਿਦਾਸ ਜੀ ਧੰਨ ਹੈ ਤੇਰੀ ਕਮਾਈ।

ਸਰਬਣ ਦਾਸ ਸੁਅਮੀ ਜੀ ਪਿੰਡ ਬੱਲਾਂ ਵਿਚ ਤਪ ਕੀਤਾ।
ਤਪ ਅਸਥਾਨ ਨੂੰ ਗੁਰਾਂ ਨੇ ਡੇਰਾ ਰਵਿਸਾਸੀਆ ਨਾਮ ਦੀਤਾ।
ਸਾਰੇ ਜੱਗ ਵਿਚ ਹੂੰਦੀ 'ਬਾਵੇ' ਸਤਿਗੁਰ ਦੀ ਵਡਿਆਈ।
ਧੰਨ ਸਤਿਗੁਰ ਰਵਿਦਾਸ ਜੀ ਧੰਨ ਹੈ ਤੇਰੀ ਕਮਾਈ।

# ਤੇਰੀ ਕ੍ਰਿਪਾ ਕਿਵੇਂ ਬਿਆਨ ਕਰਾਂ ?

ਜਗਤਗੁਰੂ ਰਵਿਦਾਸ ਜੀ ਤੇਰੀ ਕਿਰਪਾ ਕਿਵੇਂ ਬਿਆਨ ਕਰਾਂ?
ਹਰ ਦਮ ਤੇਰੇ ਚਰਨਾਂ ਦਾ ਮੈਂ ਧਿਆਨ ਧਰਾਂ।

ਅੱਜ ਹਰ ਪਾਸੇ ਰਵਿਦਾਸੀਆ ਧਰਮ ਦਾ ਪ੍ਰਚਾਰ ਹੁੰਦਾ ,
ਕੌਮ ਤੇਰੀ ਦਾ ਹਰ ਪਾਸੇ ਸਤਿਕਾਰ ਹੁੰਦਾ ,
ਚੰਦਰਮਾ ਚੋ ਦਰਸ਼ਨ ਦੇਣ ਦੀ ਲੀਲਾ ਕਿਵੇ ਬਿਆਨ ਕਰਾਂ ?
ਜਗਤਗੁਰੂ ਰਵਿਦਾਸ ਜੀ ਤੇਰੀ ਕਿਰਪਾ ਕਿਵੇਂ ਬਿਆਨ ਕਰਾਂ?

ਅੰਮ੍ਰਿਤਬਾਣੀ ਪੜ੍ਹ ਕੇ ਜੀਵਨ ਸਫਲ ਹੋ ਗਿਆ ,
ਹਰਿ ਦਾ ਨਿਸ਼ਾਨ ਦੁਨੀਆਂ ਵਿੱਚ ਮਸ਼ਹੂਰ ਹੋ ਗਿਆ ,
ਸੀਰ ਗੋਵਰਧਨਪੁਰ ਦੀ ਸ਼ੋਭਾ ਕਿਵੇ ਬਿਆਨ ਕਰਾਂ?
ਜਗਤਗੁਰੂ ਰਵਿਦਾਸ ਜੀ ਤੇਰੀ ਕਿਰਪਾ ਕਿਵੇਂ ਬਿਆਨ ਕਰਾਂ?

ਸਤਿਗੁਰੂ ਸਰਵਣ ਦਾਸ ਜੀ ਨੇ ਕ੍ਰਿਪਾ ਕੀਤੀ ,
ਤੀਰਥ ਅਸਥਾਨ ਦੀ ਮਹਿਮਾ ਸੰਸਾਰ 'ਚ ਪ੍ਰਗਟ ਕੀਤੀ ,
ਤੇਰੀ ਰਹਿਮਤ ਦਾ ਅਨੰਦ ਕਿਵੇਂ ਬਿਆਨ ਕਰਾਂ ?
ਜਗਤਗੁਰੂ ਰਵਿਦਾਸ ਜੀ ਤੇਰੀ ਕਿਰਪਾ ਕਿਵੇਂ ਬਿਆਨ ਕਰਾਂ?

ਸੱਚੇ ਪੈਰੋਕਾਰਾ ਨੇ ਧਰਮ ਦੁਨੀਆਂ ਵਿੱਚ ਫੈਲਾਇਆ ,
ਮਿਸ਼ਨ ਤੇਰਾ ਪੂਰੀ ਦੁਨੀਆਂ ਵਿੱਚ ਹੈ ਛਾਇਆ ,
ਸਭ ਦੇ ਭਲੇ ਲਈ ਤੇਰੇ ਚਰਨਾਂ ਵਿੱਚ ਅਰਦਾਸ ਕਰਾਂ,
ਜਗਤਗੁਰੂ ਰਵਿਦਾਸ ਜੀ ਤੇਰੀ ਕਿਰਪਾ ਕਿਵੇਂ ਬਿਆਨ ਕਰਾਂ?

# ਜਨਮ ਅਸਥਾਨ ਮੰਦਿਰ

ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਮੰਦਿਰ ਦੀ ਸ਼ਾਨ ਮਹਾਨ ਹੈ।
ਜਿੱਥੇ ਸਿਜਦਾ ਕਰਦਾ ਸਾਰਾ ਜਹਾਨ ਹੈ।
ਜਗਤ ਗੁਰੂ ਰਵਿਦਾਸ ਜੀ ਦਾ ਇਸ ਅਸਥਾਨ ਤੇ ਆਗਮਨ ਹੋਇਆ।
ਪਿਤਾ ਸੰਤੋਖ ਦਾਸ ਤੇ ਮਾਤਾ ਕਲਸਾਂ ਦਾ ਨਾਮ ਸਾਰੇ ਸੰਸਾਰ 'ਤੇ ਉੱਚਾ ਹੋਇਆ।

ਰਵਿਦਾਸੀਆ ਧਰਮ ਦਾ ਇਥੋਂ ਐਲਾਨ ਹੋਇਆ ਹੈ।
ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ..........।
ਸਤਿਗੁਰੂ ਸਰਵਣ ਦਾਸ ਜੀ ਨੇ ਇਸ ਅਸਥਾਨ ਦੀ ਖੋਜ ਕਰਵਾਈ।
ਇਸ ਅਸਥਾਨ ਦੀ ਸਾਰੇ ਜਗਤ ਵਿਚ ਹੈ ਵਡਿਆਈ।
ਇਸ ਅਸਥਾਨ ਦੇ ਨੇੜੇ ਇਮਲੀ ਦਾ ਰੁਖ ਮਹਾਨ ਹੈ।
ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ.........।

ਸਾਰੇ ਸੰਸਾਰ ਵਿਚੋਂ ਪ੍ਰੇਮੀ ਦਰਸ਼ਨਾ ਲਈ ਆਉਦੇ ਨੇ।
ਸਿਜਦਾ ਕਰਕੇ ਗੁਰੂ ਚਰਨਾਂ ਵਿਚ ਮਨ ਇਛੱਤ ਫਲ ਪਾਉਂਦੇ ਨੇ।
ਰਵਿਦਾਸੀਆ ਕੌਮ ਦਾ ਇਹ ਤੀਰਥ ਜਾਨ ਹੈ।
ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ..........।

ਰਵਿਦਾਸੀਆ ਧਰਮ ਦੇ ਐਲਾਨ ਨੂੰ ਕੌਮ ਨੇ ਸਵੀਕਾਰਿਆ ਹੈ।
ਆਪਣੇ ਰਹਿਬਰ ਦੇ ਨਾਮ 'ਤੇ ਮਿਲੀ ਪਹਿਚਾਣ ਨੂੰ ਸਤਿਕਾਰਿਆ ਹੈ।
ਸਤਿਗੁਰੂ ਰਵਿਦਾਸ ਜੀ ਚੰਦਰਮਾ ਵਿਚ ਦਰਸ਼ਨ ਦੇ ਕੇ ਕਰ ਗਏ ਹੈਰਾਨ ਹੈ।
ਸ੍ਰੀ ਗੁਰੂ ਰਵਿਦਾਸ ਜਨਮ-ਅਸਥਾਨ ਮੰਦਿਰ ਦੀ ਸ਼ਾਨ ਮਹਾਨ ਹੈ।

# ਸਤਿਗੁਰੂ ਰਵਿਦਾਸ ਜੀ ਨੇ
# ਗੰਗਾ ਘਾਟ ਉੱਤੇ ਪੱਥਰ ਤਰਾਏ

ਵਿਸਾਖੀ ਦੇ ਪੁਰਬ ਤੇ ਸੱਚ ਝੂਠ ਨਿਤਾਰੇ ਕਰਾਏ ,
ਸਤਿਗੁਰੂ ਰਵਿਦਾਸ ਜੀ ਨੇ ਗੰਗਾ ਘਾਟ ਉੱਤੇ ਪੱਥਰ ਤਰਾਏ।

ਮਾਨਵ ਵਿਰੋਧੀਆਂ ਨੇ ਜਾ ਕੇ ਰਾਜੇ ਪਾਸ ਸ਼ਿਕਾਇਤ ਲਗਾਈ ,
ਸ਼ੂਦਰ ਨੂੰ ਹੱਕ ਕੋਈ ਨਾ,ਜਾਏ ਸਜਾਂ ਇਹਨਾ ਨੂੰ ਸੁਣਾਈ ,
ਰਾਜੇ ਨੇ ਸ਼ਰਤ ਰੱਖਤੀ ਜਾਣ ਠਾਕਰ ਆਪਣੇ ਲਿਆਏ,
ਸਤਿਗੁਰੂ ਰਵਿਦਾਸ ਜੀ ਨੇ ਗੰਗਾ ਘਾਟ ਉੱਤੇ ਪੱਥਰ ਤਰਾਏ।

ਵਿਪਰਾਂ ਦੇ ਰੂੰ ਦੇ ਗੋਹੜੈ ਪਲ ਵਿੱਚ ਡੁੱਬ ਗਏ ,
ਸਤਿਗੁਰੂ ਦੀ ਪੱਥਰੀ ਜਾਂਦੀ ਹਰ ਪਾਸੇ ਤਾਰੀ ਲਾਏ ,
ਕੌਤਕ ਅਜਬ ਦੇਖ ਕੇ ਸਾਰੇ ਸਤਿਗੁਰੂ ਦੇ ਚਰਨੀ ਆਏ ,
ਸਤਿਗੁਰੂ ਰਵਿਦਾਸ ਜੀ ਨੇ ਗੰਗਾ ਘਾਟ ਉੱਤੇ ਪੱਥਰ ਤਰਾਏ।

ਸਤਿਗੁਰੂ ਜੀ ਦੀ ਸ਼ੋਭਾ ਯਾਤਰਾ ਗਈ ਸਾਰੇ ਬਨਾਰਸ ਵਿੱਚ ਕੱਢੀ ,
ਹੱਥੀ ਉਪਰ ਸੋਨੇ ਦੀ ਪਾਲਕੀ ਵਿੱਚ ਬੈਠੇ ਸਤਿਗੁਰੂ ਜਾਂਦੇ ਸੱਜੀ ,
ਸਾਰੇ ਵਰਗਾਂ ਦੇ ਲੋਕ ਸ਼ੋਭਾ ਯਾਤਰਾ ਵਿੱਚ ਸ਼ਾਮਿਲ ਕਰਾਏ ,
ਸਤਿਗੁਰੂ ਰਵਿਦਾਸ ਜੀ ਨੇ ਗੰਗਾ ਘਾਟ ਉੱਤੇ ਪੱਥਰ ਤਰਾਏ।

ਸਤਿਗੁਰੂ ਜੀ ਨੇ ਸਦੀਆ ਤੋ ਪੀੜਤ ਸਮਾਜ ਨੂੰ ਹੱਕ ਦਿਵਾਏ ,
ਸਾਰੇ ਵਰਗਾਂ ਦੇ ਲੋਕੀਂ ਸਤਿਗੁਰੂ ਦੇ ਚਰਨੀ ਆਏ ,
ਹਰਿ ਹਰਿ ਨਾਮ ਦਾ ਜਾਪ ਜਿਉਂਦਿਆਂ ਮੁੱਕਤ ਕਰਾਏ
ਸਤਿਗੁਰੂ ਰਵਿਦਾਸ ਜੀ ਨੇ ਗੰਗਾ ਘਾਟ ਉੱਤੇ ਪੱਥਰ ਤਰਾਏ।

## ਨਵੇਂ ਸਾਲ ਦੀ ਸਭ ਨੂੰ ਵਧਾਈ ਹੋਵੇ,

ਜਗਤ ਗੁਰੂ ਰਵਿਦਾਸ ਸਭ ਦਾ ਸਹਾਈ ਹੋਵੇ,
ਨਵੇਂ ਸਾਲ ਦੀ ਸਭ ਨੂੰ ਵਧਾਈ ਹੋਵੇ।

ਰਵਿਦਾਸੀਆ ਧਰਮ ਦਾ ਹੋਵੇ ਪ੍ਰਚਾਰ
ਅੰਮ੍ਰਿਤਬਾਣੀ ਦਾ ਹੋਵੇ ਪੂਰਾ ਸਤਿਕਾਰ,
ਬੁਲਾਂਦੀ ਜਾਂਦੀ ਸਭ ਨੂੰ ਜੈ ਗੁਰਦੇਵ ਹੋਵੇ,
ਨਵੇਂ ਸਾਲ ਦੀ ਸਭ ਨੂੰ ਵਧਾਈ ਹੋਵੇ।

ਸਭ ਜੀਵਾਂ ਨੂੰ ਮਿਲੇ ਸਨਮਾਨ,
ਬੇਗਮਪੂਰਾ ਵਤਨ ਵਸੇ ਮਹਾਨ,
ਮਧੂ ਦੀਆ ਮੱਖੀਆ ਵਾਂਗ ਪਿਆਰ ਹੋਵੇ,
ਨਵੇਂ ਸਾਲ ਦੀ ਸਭ ਨੂੰ ਵਧਾਈ ਹੋਵੇ।

ਹਰਿ ਦੇ ਨਿਸ਼ਾਨ ਹਰ ਪਾਸੇ ਝੂਲਣ,
ਬੋਲੇ ਸੋ ਨਿਰਭੈ ਦੇ ਜੈਕਾਰੇ ਗੂੰਜਣ
ਸਾਰੇ ਧਰਮਾਂ ਦਾ ਸਤਿਕਾਰ ਹੋਵੇ,
ਨਵੇਂ ਸਾਲ ਦੀ ਸਭ ਨੂੰ ਵਧਾਈ ਹੋਵੇ।

ਹਰ ਪਲ ਹਰਿ ਦਾ ਸਿਮਰਨ ਹੋਵੇ,
ਸੰਤਾਂ ਦੀ ਸੰਗਤ ਵਿੱਚ ਰੰਗਤ ਹੋਵੇ,
ਸਰਵਣ ਦਾਸ ਗੁਰਾਂ ਨੇ ਨਜਰ ਟਿਕਾਈ ਹੋਵੇ,
ਨਵੇਂ ਸਾਲ ਦੀ ਸਭ ਨੂੰ ਵਧਾਈ ਹੋਵੇ।

# ਜਗਤਗੁਰੂ ਰਵਿਦਾਸ ਜੀ ਦੇ ਬੋਲੋ ਜੈਕਾਰੇ

ਜਗਤਗੁਰੂ ਰਵਿਦਾਸ ਜੀ ਨੇ ਬੇਗਮਪੁਰ ਦਾ ਸੰਦੇਸ਼ ਸੁਣਾਇਆ ,
ਭੇਦ ਭਾਵ ਨੂੰ ਖਤਮ ਕਰਕੇ ਸਭ ਨੂੰ ਇਕ ਸਮਾਨ ਬਣਾਇਆ,
ਉਸ ਦੀ ਮਹਿਮਾ ਮਿਲ ਕੇ ਗਾਵੋ ਸਾਰੇ,
ਜਗਤਗੁਰੂ ਰਵਿਦਾਸ ਜੀ ਦੇ ਬੋਲੋ ਜੈਕਾਰੇ।

ਮਾਨਵਤਾ ਦੇ ਭਲੇ ਲਈ ਰਵਿਦਾਸੀਆ ਧਰਮ ਹੈ ਬਖਸ਼ਿਆ,
ਸਾਧ ਸੰਗਤ ਪਾਈ ਪਰਮ ਗਤੇ ਦਾ ਸ਼੍ਰੇਸ਼ਟ ਮਾਰਗ ਹੈ ਬਖਸ਼ਿਆ
,
ਅੰਮ੍ਰਿਤਬਾਣੀ ਮਿਲ ਕੇ ਪੜ੍ਹੋ ਸਾਰੇ,
ਜਗਤਗੁਰੂ ਰਵਿਦਾਸ ਜੀ ਦੇ ਬੋਲੋ ਜੈਕਾਰੇ।

ਜਗਤ ਗੁਰੂ ਰਵਿਦਾਸ ਜੀ ਨੇ ਹਰਿ ਦਾ ਉਪਦੇਸ਼ ਸੁਣਾਇਆ ,
ਸਰਵਣ ਕਰਕੇ ਸਾਰਾ ਸੰਸਾਰ ਚਰਨਾ ਵਿੱਚ ਆਇਆ ,
ਜੈ ਗੁਰੂਦੇਵ ਦੇ ਮਿਲ ਕੇ ਲਾਵੋ ਨਾਅਰੇ,
ਜਗਤਗੁਰੂ ਰਵਿਦਾਸ ਜੀ ਦੇ ਬੋਲੋ ਜੈਕਾਰੇ।

ਸਤਿਸੰਗਤ ਮਿਲ ਰਹੀਐ ਦਾ ਪਾਵਨ ਉਪਦੇਸ਼ ਹੈ ਦਿਤਾ,
ਭੁੱਲੀ ਭਟਕੀ ਮਨੁੱਖਤਾ ਨੂੰ ਇਕ ਲੜੀ ਚ ਪਰੋ ਦਿੱਤਾ ,
ਸਤਿਗੁਰੂ ਦੇ ਉਪਦੇਸ਼ ਨੂੰ ਯਾਦ ਰੱਖੋ ਸਾਰੇ,
ਜਗਤਗੁਰੂ ਰਵਿਦਾਸ ਜੀ ਦੇ ਬੋਲੋ ਜੈਕਾਰੇ।

# ਜਗਤਗੁਰੂ ਰਵਿਦਾਸ ਜੀ
# ਸੰਗਤਾਂ ਨੂੰ ਤਾਰਨ ਆਏ,

ਜਗਤਗੁਰੂ ਰਵਿਦਾਸ ਜੀ ਸੰਗਤਾ ਨੂੰ ਤਾਰਨ ਆਏ ,
ਭੁੱਲੀ ਭਟਕੀ ਮਨੁੱਖਤਾ ਨੂੰ ਰਾਹੇ ਪਾਉਣ ਆਏ।

ਪਿਤਾ ਸੰਤੋਖ ਮਾਂ ਕਲਸੀ ਗ੍ਰਿਹਿ ਭਾਗ ਲਗਾਏ,
ਜਿਥੇ ਆਪ ਪ੍ਰਭੂ ਖੁਦ ਚਲ ਕੇ ਆਏ ,
ਜਗਤਗੁਰੂ ਰਵਿਦਾਸ ਜੀ ਸੰਗਤਾ ਨੂੰ ਤਾਰਨ ਆਏ,
ਭੁੱਲੀ ਭਟਕੀ ਮਨੁੱਖਤਾ ਨੂੰ ਰਾਹੇ ਪਾਉਣ ਆਏ।

ਹਰਿ ਹੀਰੇ ਦੀ ਪਹਿਚਾਨ ਕਰਨ ਦਾ ਸਭ ਨੂੰ ਪਾਠ ਪੜਾਇਆ ,
ਸੰਤਾਂ ਦੀ ਸੰਗਤ ਕਰਨ ਦਾ ਸਭਨਾਂ ਨੂੰ ਮਾਰਗ ਦਿਖਾਇਆ ,
ਕੁੱਲ ਦੁਨੀਆਂ ਨੂੰ ਬੇਗਮਪੁਰ ਦੇ ਵਾਸੀ ਬਣਾਉਣ ਆਏ ,
ਭੁੱਲੀ ਭਟਕੀ ਮਨੁੱਖਤਾ ਨੂੰ ਰਾਹੇ ਪਾਉਣ ਆਏ।

ਆਪਣਾ ਕੰਧਾਂ ਚੀਰ ਕੇ ਚੌਹਾ ਯੁੱਗਾ ਦੇ ਜੰਜੂ ਕੱਢ ਵਿਖਾਏ,
ਪੱਥਰਾਂ ਤੋ ਵੀ ਭਾਰੇ ਸਤਿਗੁਰਾਂ  ਜੀਵ ਤਰਾਏ,
ਰਾਜਾ ਕੁੰਭਾਂ ਝਾਲਾ ਬਾਈ ਭੰਡਾਰੇ ਚ ਅਨੇਕਾ ਰੂਪ ਦਿਖਾਂਏ,
ਭੁੱਲੀ ਭਟਕੀ ਮਨੁੱਖਤਾ ਨੂੰ ਰਾਹੇ ਪਾਉਣ ਆਏ।

ਦੇਸ਼ਾਂ ਵਿਦੇਸ਼ਾ ਜਾ ਕੇ ਸਤਿਗੁਰਾ ਉਦਾਸੀਆਂਕੀਤੀਆਂ ,
ਚੋਹਾਂ ਵਰਣਾਂ ਨੇ ਸਤਿਗੁਰਾਂ ਦੇ ਚਰਨਾਂ 'ਚ ਡੰਡਾਉਤਾਂ ਕੀਤੀਆਂ ,
ਸਤਿਗੁਰੂ ਰਵਿਦਾਸ ਜੀ ਜਗਤਗੁਰੂ ਅਖਵਾਏ,
ਭੁੱਲੀ ਭਟਕੀ ਮਨੁੱਖਤਾ ਨੂੰ ਰਾਹੇ ਪਾਉਣ ਆਏ।

ਸਤਿਗੁਰੂ ਸਰਵਣ ਦਾਸ ਜੀ ਨੇ ਜਨਮ ਅਸਥਾਨ ਬਣਾਇਆ ,
ਸੰਤ ਸਮਾਜ ਨੇ ਕਰੀ ਕ੍ਰਿਪਾ ਰਵਿਦਾਸੀਆ ਧਰਮ ਬਣਾਇਆ ,
ਮਾਘ ਦੀ ਪੂਰਨਿਮਾ ਦੇ ਚੰਦਰਮਾਂ ਚੋ ਸਤਿਗੁਰਾਂ ਆਣ ਕੇ ਦਰਸ਼ ਦਿਖਾਏ ,
ਭੁੱਲੀ ਭਟਕੀ ਮਨੁੱਖਤਾ ਨੂੰ ਰਾਹੇ ਪਾਉਣ ਆਏ।

# ਜਗਤ ਗੁਰੂ ਰਵਿਦਾਸ ਜੀ ਦੀ ਕ੍ਰਿਪਾ ਹੋਈ

ਕੌਮ ਸੁੱਤੀ ਰਵਿਦਾਸੀਆ ਹੋਣ ਉੱਠ ਖਲੋਈ,
ਜਗਤ ਗੁਰੂ ਰਵਿਦਾਸ ਜੀ ਦੀ ਕਿਰਪਾ ਹੋਈ ।

ਮਿਲਿਆ ਧਰਮ ਰਵਿਦਾਸੀਆ ਪਹਿਚਾਣ ਹੈ ਬਣ ਗਈ ,
ਸਾਰੇ ਜੱਗ ਵਿੱਚ ਕੌਮ ਦੀ ਉੱਚੀ ਸ਼ਾਂਨ ਬਣ ਗਈ ,
ਅਣਖ ਨਾਲ ਜੀਣਾ ਸਿੱਖਿਆ ਸਾਨੂੰ ਡਰ ਨਾ ਕੋਈ ,
ਜਗਤ ਗੁਰੂ ਰਵਿਦਾਸ ਜੀ ਦੀ ਕਿਰਪਾ ਹੋਈ ।

ਪ੍ਰਕਾਸ਼ ਅੰਮ੍ਰਿਤ ਬਾਣੀ ਦੇ ਹੋ ਰਹੇ ਹਰ ਪਾਸੇ,
ਖੁਸ਼ੀਆਂ ਦੇ ਨਾਲ ਭਰ ਗਏ ਨੇ ਅੱਜ ਖਾਲੀ ਕਾਸੇ,
ਗੁਰੂ ਦੇ ਚਰਨੀਂ ਲੱਗਿਆਂ ਨੂੰ ਮਿਲ ਗਈ ਹੈ ਢੋਈ ,
ਜਗਤ ਗੁਰੂ ਰਵਿਦਾਸ ਜੀ ਦੀ ਕਿਰਪਾ ਹੋਈ ।

ਗੂੰਜਣ ਜੈ ਗੁਰਦੇਵ ਦੇ ਦੁਨੀਆਂ ਵਿੱਚ ਨਾਅਰੇ
ਹਰਿ ਦੇ ਝੰਡੇ ਝੁਲਦੇ ਬੜੇ ਲੱਗਦੇ ਪਿਆਰੇ ,
ਸੀਰ ਗੋਵਰਧਨ ਪੁਰ ਤੋ ਮਿਲ ਸੇਧ ਨਰੋਈ ,
ਜਗਤ ਗੁਰੂ ਰਵਿਦਾਸ ਜੀ ਦੀ ਕਿਰਪਾ ਹੋਈ ।

# ਅਨੇਕਾ ਕੌਤਕ ਦਿਖਾਏ

ਜਗਤਗੁਰੂ ਰਵਿਦਾਸ ਜੀ ਨੇ ਪਰਉਪਕਾਰ ਕਮਾਏ,
ਮਾਨਵਤਾ ਦੇ ਭਲੇ ਲਈ ,ਅਨੇਕਾ ਕੌਤਕ ਦਿਖਾਏ।

ਬਿਪਰਾਂ ਨੇ ਜਾ ਕੇ ਰਾਜੇ ਨਾਗਰ ਮੱਲ ਪਾਸ ਸ਼ਿਕਾਇਤ ਲਗਾਈ ,
ਸ਼ੂਦਰਾਂ ਦੇ ਜਨੇਊ ਪਹਿਨਣ ਦੇ ਅਨੋਖੀ ਰੀਤ ਚਲਾਈ ,
ਸਤਿਗੁਰੂ ਜੀ ਨੇ ਚੌਹਾਂ ਜੁੱਗਾ ਦੇ ਜੰਜੂ ਕੱਢ ਦਿਖਾਏ,
ਮਾਨਵਤਾਂ ਦੇ ਭਲੇ ਲਈ ,ਅਨੇਕਾ ਕੌਤਕ ਦਿਖਾਏ।

ਸਤਿਗੁਰੂ ਜੀ ਸੂਤ ਦਾ ਜਨੇਊ ਉਤਾਰ ਦਿੱਤਾ,
ਜਨੇਊ ਪਾਉਣ ਦਾ ਹੱਕ ਨਾ ਕੋਈ ਸਮਾਜ ਨੂੰ ਹੱਕ ਦਿਵਾ ਦਿੱਤਾ ,
ਅਜਬ ਕੌਤਕ ਦੇਖਕੇ ਸਾਰੇ ਗੁਰੂ ਚਰਨੀ ਆਏ ,
ਮਾਨਵਤਾਂ ਦੇ ਭਲੇ ਲਈ ,ਅਨੇਕਾ ਕੌਤਕ ਦਿਖਾਏ।

ਰਾਜਾ ਕੁੰਭਾ ਅਤੇ ਝਾਲਾ ਬਾਈ ਨੇ ਭੰਡਾਰਾਂ ਕੀਤਾ ,
ਗੁਰੂ ਜੀ ਵਿੱਚ ਬੈਠੇ ਬਿਪਰਾਂ ਰੋਲਾਂ ਪਾ ਦਿੱਤਾ ,
ਅਨੇਕਾਂ ਰੂਪ ਧਾਰਨ ਕਰਕੇ ਸਾਰੇ ਇਕੋ ਪੰਗਤ 'ਚ ਬਿਠਾਏ,
ਮਾਨਵਤਾਂ ਦੇ ਭਲੇ ਲਈ ,ਅਨੇਕਾ ਕੌਤਕ ਦਿਖਾਏ।

ਰਵਿਦਾਸੀਆ ਧਰਮ ਬਨਣ ਨਾਲ ਸਮਾਜ ਅਜਾਦ ਹੋਇਆ ,
ਸੰਸਾਰ ਦੇ ਕੋਨੇ ਕੋਨੇ ਵਿੱਚ ਅੰਮ੍ਰਿਤਬਾਣੀ ਦਾ ਪ੍ਰਕਾਸ਼ ਹੋਇਆ ,
ਹਰ ਦਮ ਬਾਵੇ ਸਤਿਗੁਰੂ ਦੇ ਚਰਨਾਂ ਵਿਚ ਸੀਸ ਝੁਕਾਏ,
ਮਾਨਵਤਾਂ ਦੇ ਭਲੇ ਲਈ ,ਅਨੇਕਾਂ ਕੌਤਕ ਦਿਖਾਏ।

# ਸਥਾਪਨਾ ਦਿਵਸ

ਰਲ ਮਿਲ ਗੁਰੂ ਰਵਿਦਾਸ ਦੀ ਮਹਿਮਾ ਗਾਈਏ ਜੀ ,
ਰਵਿਦਾਸੀਆ ਧਰਮ ਸਥਾਪਨਾ ਦਿਵਸ ਮਨਾਈਏ ਜੀ।

ਇਸ ਦੁਨੀਆਂ ਦੇ ਹਰ ਕੋਨੇ ਚੋ ਪ੍ਰੇਮੀ ਕਾਸ਼ੀ ਜਾਂਦੇ,
ਗੁਰੂ ਚਰਨਾਂ 'ਚ ਸੱਜਦਾ ਕਰ ਮਨ ਇੱਛਤ ਫਲ ਪਾਂਦੇ,
ਸਤਿਗੁਰੂ ਦੇ ਚਰਨਾਂ ਵਿੱਚ ਸੀਸ ਨਿਵਾਈਏ ਜੀ
ਰਵਿਦਾਸੀਆ ਧਰਮ ਸਥਾਪਨਾ ਦਿਵਸ ਮਨਾਈਏ ਜੀ।

ਗੁਰੂ ਰਵਿਦਾਸ ਦੇ ਪੈਰੋਕਾਰ ਸਾਰੇ ਜੱਗ ਵਿੱਚ ਵੱਸਦੇ,
ਮਹਿਮਾ ਆਪਣੇ ਸਤਿਗੁਰੂ ਦੀ ਕੁੱਲ ਦੁਨੀਆਂ ਨੂੰ ਦੱਸਦੇ,
ਜੈ ਗੁਰਦੇਵ ਦਾ ਗੱਜਕੇ ਨਾਅਰਾ ਲਾਈਏ ਜੀ ,
ਰਵਿਦਾਸੀਆ ਧਰਮ ਸਥਾਪਨਾ ਦਿਵਸ ਮਨਾਈਏ ਜੀ।

ਮਾਘ ਦੀ ਪੁੰਨਿਆ ਰਵਿਦਾਸੀਆ ਧਰਮ ਦਾ ਐਲਾਨ ਹੋਇਆ,
ਗੁਰੂ ਰਵਿਦਾਸ ਦੀ ਅੰਮ੍ਰਿਤਬਾਣੀ ਦਾ ਪ੍ਰਕਾਸ਼ ਹੈ ਹੋਇਆ ,
ਬਾਣੀ ਪੜ੍ਹ ਕੇ ਆਪਣਾ ਜੀਵਨ ਸਫਲ ਬਣਾਈਏ ਜੀ ,
ਰਵਿਦਾਸੀਆ ਧਰਮ ਸਥਾਪਨਾ ਦਿਵਸ ਮਨਾਈਏ ਜੀ।

ਡੇਰਾ ਸੱਚ ਖੰਡ ਬੱਲਾਂ ਨੇ ਇਤਿਹਾਸ ਨਵਾ ਰਚਾਇਆ ਏ ,
ਰਵਿਦਾਸੀਆ ਕੌਮ ਦਾ ਬਾਵੇ ਜਗ ਵਿੱਚ ਮਾਣ ਵਧਾਇਆ ਏ,
ਐਸੇ ਸੰਤਾਂ ਦੇ ਬਲਿਹਾਰੇ ਜਾਈਏ ਜੀ ,
ਰਵਿਦਾਸੀਆ ਧਰਮ ਸਥਾਪਨਾ ਦਿਵਸ ਮਨਾਈਏ ਜੀ।

# ਰਵਿਦਾਸੀਆ ਧਰਮ ਦੀਆ ਧੂੰਮਾਂ

ਜਗਤ ਗੁਰੂ ਰਵਿਦਾਸ ਦੇ ਲੱਗਦੇ ਹਰ ਪਾਸੇ ਗੂੰਜ ਪਏ ਜੈਕਾਰੇ,
ਰਵਿਦਾਸੀਆ ਧਰਮ ਦੀਆ ਧੂੰਮਾਂ ਪਈਆ ਚੰਹੁ ਕੁਟਾ ਵਿਚ ਸਾਰੇ।

ਰਵਿਦਾਸੀਏ ਸਭ ਨੂੰ ਸੰਗਤੇ ਜੈ ਗੁਰਦੇਵ ਬੁਲਾਉਂਦੇ,
ਮਾਨਵਤਾ ਨਾਲ ਪ੍ਰੇਮ ਪਿਆਰ ਦਾ,ਸਭ ਨੂੰ ਪਾਠ ਪੜ੍ਹਾਉਂਦੇ,
ਗੁਰੂ ਦੇ ਦਰਸ਼ਨ ਚੰਦਰਮਾ 'ਚੋ ਚਰਚੇ ਹੁੰਦੇ ਸਾਰੇ,
ਰਵਿਦਾਸੀਆ ਧਰਮ ਦੀਆ ਧੂੰਮਾਂ ਪਈਆ ਚੰਹੁ ਕੁਟਾ ਵਿਚ ਸਾਰੇ।

ਸੰਤ ਸਰਵਣ ਦਾਸ ਜੀ ਨੇ ਡੇਰਾ ਰਵਿਦਾਸੀਆ ਬਣਾਇਆ,
ਸਭ ਸੰਗਤਾਂ ਨੂੰ ਸਤਿਗੁਰੂ ਰਵਿਦਾਸ ਦੇ ਚਰਨੀ ਲਾਇਆ,
ਸੀਰ ਗੋਵਰਧਨਪੁਰ ਨੂੰ ਸੰਗਤੇ ਸੀਸ ਨਿਭਾਓ ਸਾਰੇ,
ਰਵਿਦਾਸੀਆ ਧਰਮ ਦੀਆ ਧੂੰਮਾਂ ਪਈਆ ਚੰਹੁ ਕੁਟਾ ਵਿਚ ਸਾਰੇ।

ਸੰਤ ਰਾਮਾ ਨੰਦ ਜੀ ਨੇ ਅਮਰ ਸ਼ਹਾਦਤ ਪਾਈ ,
ਪੂਰੇ ਵਿਸ਼ਵ ਦੇ ਵਿਚ ਰਵਿਦਾਸੀਆ ਕੌਮ ਦੀ ਅਣਖ ਜਗਾਈ,
ਸੰਤ ਸਮਾਜ ਨੇ ਫੁਰਮਾਨ ਕੀਤਾ ਧਰਮ ਅਪਣਾਓ ਸਾਰੇ,
ਰਵਿਦਾਸੀਆ ਧਰਮ ਦੀਆਂ ਧੂੰਮਾਂ ਪਈਆਂ ਚੰਹੁ ਕੁਟਾ ਵਿਚ ਸਾਰੇ।

ਹਰ ਪਾਸੇ ਹੁਣ ਅਮ੍ਰਿਤ ਬਾਣੀ ਦੇ ਪ੍ਰਕਾਸ਼ ਨੇ ਹੁੰਦੇ,
ਬਾਣੀ ਸੁਣਕੇ ਸਭ ਸੰਗਤਾਂ ਦੇ ਕਸ਼ਟ ਨਾਸ਼ ਨੇ ਹੁੰਦੇ,
ਹਰਿ ਦੇ ਝੰਡੇ ਹੇਠ ਇਕੱਠੇ ਬਾਵਾ ਜੀ ਹੋ ਗਏ ਸਾਰੇ,
ਰਵਿਦਾਸੀਆ ਧਰਮ ਦੀਆ ਧੂੰਮਾਂ ਪਈਆ ਚੰਹੁ ਕੁਟਾ ਵਿਚ ਸਾਰੇ।

# ਟੌਹਰ ਵੱਖਰੀ

ਰਵਿਦਾਸੀਆ  ਦੀ ਜਗ ਵਿੱਚ ਹੋਂਦ  ਵੱਖਰੀ,
ਸਾਰੀ ਦੁਨੀਆਂ ਦੇ ਨਾਲੋਂ ਟੌਹਰ ਵੱਖਰੀ,

ਸਤਿਗੁਰੂ ਦੀ ਹੈ ਸਾਡੇ ਉੱਤੇ ਕ੍ਰਿਪਾ,
ਦੁਨੀਆਂ 'ਚ ਰਹਿੰਦੇ ਅਸੀ ਨਾਲ ਸਿੱਦਕਾਂ,
ਰਵਿਦਾਸੀਆ ਧਰਮ ਦੀ ਹੋਂਦ ਵੱਖਰੀ,
ਸਾਰੀ ਦੁਨੀਆਂ ਦੇ ਨਾਲੋਂ ਟੌਹਰ ਵੱਖਰੀ।

ਹਰਿ ਦੇ ਨਿਸ਼ਾਨ ਗੁਰੂ ਘਰ ਝੂਲਦੇ,
ਜੈ ਗੁਰਦੇਵ ਵਾਲੇ ਨਾਅਰੇ ਗੂੰਜਦੇ,
ਕੀਤੀ ਜੋ ਤਪੱਸਿਆ ਘੋਰ ਵੱਖਰੀ,
ਸਾਰੀ ਦੁਨੀਆਂ ਦੇ ਨਾਲੋਂ ਟੌਹਰ ਵੱਖਰੀ।

ਹਰ ਪਾਸੇ ਦੇਖੋ ਸਤਿਕਾਰ ਹੋ ਗਏ,
ਚੰਦ ਵਿੱਚੋ ਗੁਰੂ ਦੇ ਦੀਦਾਰ ਹੋ ਗਏ,
ਪ੍ਰੀਤ ਕਹਿੰਦੇ ਚੰਦ ਤੇ ਚਕੋਰ ਵੱਖਰੀ,
ਸਾਰੀ ਦੁਨੀਆਂ ਦੇ ਨਾਲੋਂ ਟੌਹਰ ਵੱਖਰੀ।

ਸਤਿਗੁਰੂ ਸਰਵਣ ਦਾਸ ਕੀਤੀ ਹੈ ਕਮਾਈ ਜੀ,
ਸੱਚ ਵਾਲੀ ਜੋਤ ਜਗ ਜਗਾਈ ਜੀ,
ਬਾਵੇ ਨੂੰ ਚੜੀ ਮਿਸ਼ਨ ਦੀ ਲੋਰ ਵੱਖਰੀ,
ਸਾਰੀ ਦੁਨੀਆਂ ਦੇ ਨਾਲੋਂ ਟੌਹਰ ਵੱਖਰੀ,

# ਕੌਮ ਨੂੰ ਦਲੇਰ ਬਣਾਇਆ

ਭੇਦ-ਭਾਵ ਮਿਟਾ ਕੇ ਇੱਕ ਸਮਾਨ ਬਣਾਇਆ,
ਜਗਤ ਗੁਰੂ ਰਵਿਦਾਸ ਜੀ,ਕੌਮ ਨੂੰ ਦਲੇਰ ਬਣਾਇਆ।

ਪ੍ਰਾਧੀਨਤਾ ਤਿਆਗਣ ਦਾ ਉਪਦੇਸ਼ ਸੁਣਾਇਆ,
ਹਰਿ ਦੇ ਨਾਮ ਦਾ ਮਾਰਗ ਸੰਗਤਾਂ ਨੂੰ ਸਮਝਾਇਆ,
ਐਸੀ ਕ੍ਰਿਪਾ ਕੀਤੀ ਇਕੋ, ਪੰਗਤ ਬਿਠਾਇਆ।
ਜਗਤ ਗੁਰੂ ਰਵਿਦਾਸ ਜੀ,ਕੌਮ ਨੂੰ ਦਲੇਰ ਬਣਾਇਆ।

ਸਾਰਾ ਵਿਸ਼ਵ ਹੀ ਸਤਿਗੁਰ ਦਾ ਬੇਗਮਪੁਰ ਬਣ ਜਾਵੇ,
ਸਭ ਜੀਵਾਂ ਨੂੰ ਮਾਨਵੀ ਹੱਕ ਬਰਾਬਰ ਮਿਲ ਜਾਵੇ,
ਕਹਿ ਖਲਾਸ ਚਮਾਰਾ ਅਣਖੀ,ਸਮਾਜ ਬਣਾਇਆ
ਜਗਤ ਗੁਰੂ ਰਵਿਦਾਸ ਜੀ,ਕੌਮ ਨੂੰ ਦਲੇਰ ਬਣਾਇਆ।

ਲਿਖਿਆ ਸਰਵਣ ਦਾਸ ਗੁਰਾਂ ਡੇਰਾ ਰਵਿਦਾਸੀਆ
ਸੀਰ ਗੋਵਰਧਨ ਪੁਰ ਹੈ ਤੀਰਥ ਅਸਥਾਨ ਰਵਿਦਾਸੀਆ
ਸੰਤਾਂ ਮਹਾਪੁਰਸ਼ਾ ਨੂੰ ਰਵਿਦਾਸੀਆ ਧਰਮ ਸਜਾਇਆਂ।
ਜਗਤ ਗੁਰੂ ਰਵਿਦਾਸ ਜੀ,ਕੌਮ ਨੂੰ ਦਲੇਰ ਬਣਾਇਆ।

ਰਵਿਦਾਸੀਆ ਧਰਮ ਦੀ ਹੋਂਦ ਉਜਾਗਰ ਹੋਈ,
ਅੰਮ੍ਰਿਤਬਾਣੀ ਦੀ ਮਹਿਮਾ ਹਰ ਥਾਂ ਪ੍ਰਗਟ ਹੋਈ
ਹਰਿ ਦਾ ਝੰਡਾ ਪੂਰੀ ਦੁਨੀਆਂ ਵਿੱਚ ਝੁਲਾਇਆ।
ਜਗਤ ਗੁਰੂ ਰਵਿਦਾਸ ਜੀ,ਕੌਮ ਨੂੰ ਦਲੇਰ ਬਣਾਇਆ।

# ਹਰਿ ਦੇ ਝੰਡੇ

ਹਰਿ ਦੇ ਝੰਡੇ ਸਾਰੀ ਦੁਨੀਆਂ ਵਿਚ ਝੁਲ ਰਹੇ।
ਸਤਿਗੁਰੂ ਰਵਿਦਾਸ ਜੀ ਦੇ ਜੈਕਰੇ ਦੁਨੀਆਂ ਵਿਚ ਗੂੰਜ ਰਹੇ।
ਰਵਿਦਾਸੀਆ ਧਰਮ ਦੇ ਪੈਰੋਕਾਰ ਖੁਸ਼ੀ ਵਿਚ ਝੂਮ ਰਹੇ।
ਹਰਿ ਹਰਿ ਦੇ ਝੰਡੇ ਸਾਰੀ .........।

ਹਰਿ ਦਾ ਨਾਮ ਅੰਮ੍ਰਿਤਬਾਣੀ ਵਿਚ ਸਤਿਗੁਰਾਂ ਨੇ ਉਚਾਰਨ ਕੀਤਾ।
ਸੰਤ ਸਮਾਜ ਨੇ ਮਿਲ ਹਰਿ ਦੇ ਨਿਸ਼ਾਨ ਨੂੰ ਪਾਸ ਕੀਤਾ।
ਜੈ ਗੁਰੂਦੇਵ ਦੇ ਨਾਅਰੇ ਸਾਰੀ ਦੁਨੀਆਂ ਵਿਚ ਗੂੰਜ ਰਹੇ।
ਹਰਿ ਹਰਿ ਦੇ ਝੰਡੇ ਸਾਰੀ..........।

ਹਰਿ ਦੇ ਝੰਡੇ ਦਾ ਰੰਗ ਹੈ ਸੋਹਣਾ ਮਜੀਠੀ।
ਹਰਿ ਦੇ ਨਿਸ਼ਾਨ ਨਾਲ ਸਾਰੇ ਕਰ ਲਓ ਸੱਚੀ ਪ੍ਰੀਤੀ।
ਗੁਰੂ ਦੇ ਪੈਰੋਕਾਰ ਦੁਨੀਆਂ ਵਿਚ ਹੋ ਮਸ਼ਹੂਰ ਰਹੇ।
ਹਰਿ ਹਰਿ ਦੇ ਝੰਡੇ ਸਾਰੀ............।

ਹਰਿ ਕੇ ਨਾਮ ਬਿਨ ਝੂਠੇ ਸਗਲ ਪਸਾਰੇ ਸਤਿਗੁਰੂ ਨੇ ਫਰਮਾਇਆ।
ਹਰਿ ਦਾ ਸਿਮਰਨ ਕਰਕੇ ਜੀਵਾਂ ਨੇ ਜੀਵਨ ਸਫਲ ਬਣਾਇਆਂ।
ਸ਼ਬਦ ਸੁਰਤ ਦਾ ਮੇਲ ਕਰਾ ਕੇ ਸੇਵਕ ਝੂਮ ਰਹੇ।
ਹਰਿ ਹਰਿ ਦੇ ਝੰਡੇ ਸਾਰੀ............

ਸਤਿਗੁਰੂ ਸਰਵਣ ਦਾਸ ਜੀ ਨੇ ਹਰਿ ਹਰਿ ਦਾ ਸਿਮਰਨ ਕੀਤਾ।
ਜਗਤਗੁਰੂ ਰਵਿਦਾਸ ਦੀ ਮਹਿਮਾ ਨੂੰ ਸੰਸਾਰ 'ਚ ਪ੍ਰਗਟ ਕੀਤਾ।
ਗੁਰਾਂ ਦੇ ਨਾਮ ਦੇ ਡੰਕੇ ਦੁਨੀਆਂ ਵਿਚ ਗੂੰਜ ਰਹੇ।
ਹਰਿ ਹਰਿ ਦੇ ਝੰਡੇ ਸਾਰੀ ਦੁਨੀਆਂ ਵਿਚ ਝੁਲ ਰਹੇ।

# ਜਾਗੋ ਰਵਿਦਾਸੀਓ

ਜਾਗੋ ਰਵਿਦਾਸੀਓ ਰਵਿਦਾਸੀਆ ਧਰਮ ਫੈਲਾਓ
ਗੁਣ ਜਗਤ ਗੁਰੂ ਰਵਿਦਾਸ ਜੀ ਦੇ ਗਾਓ
ਰਵਿਦਾਸੀਆ ਧਰਮ ਤੁਹਾਡੀ ਪਹਿਚਾਨ ਬਣ ਗਈ
ਅਮ੍ਰਿਤਬਾਣੀ ਨਾਲ ਤੁਹਾਡੀ ਉੱਚੀ ਸ਼ਾਨ ਬਣ ਗਈ
'ਹਰਿ' ਦੇ ਨਿਸ਼ਾਨ ਦੁਨੀਆਂ ਵਿਚ ਝੁਲਾਓ
ਜਾਗੋ ਰਵਿਦਾਸੀਓ ..................

ਜਗਤ ਗੁਰੂ ਰਵਿਦਾਸ ਜੀ ਨੇ ਸਤਿਨਾਮ ਦਾ ਉਪਦੇਸ਼
ਸੁਣਾਇਆਂ
ਦੇਸਾਂ ਵਿਦੇਸ਼ਾਂ ਵਿਚ ਜਾ ਕੇ ਹਰਿ ਦੀ ਮਹਿਮਾ ਨੂੰ ਗਾਇਆ
ਜੈ ਗੁਰਦੇਵ ਸਭਨਾ ਨੂੰ ਕਹਿ ਕੇ ਬੁਲਾਓ
ਜਾਗੋ ਰਵਿਦਾਸੀਓ................

ਧਰਮ ਦੇ ਮਾਰਗ ਸਭ ਤੋ ਸਰੇਸ਼ਠ ਜਾਣੋ
ਧਰਮ ਅਜਾਦੀ ਨੂੰ ਦੁਨੀਆਂ ਵਿਚ ਮਾਣੋ
ਧਰਮ ਦੇ ਪ੍ਰਚਾਰ ਨੂੰ ਅਗੇ ਵਧਾਓ
ਜਾਗੋ ਰਵਿਦਾਸੀਓ ਰਵਿਦਾਸੀਆ ਧਰਮ ਫੈਲਾਓ

ਸੰਤ ਸੁਰਿਦੰਰ ਦਾਸ ਬਾਵਾ ਜੀ

# ਬਾਬਾ ਪਿੱਪਲ ਦਾਸ ਜੀ ਨੇ
# ਨਾਮ ਦਾ ਪਿੱਪਲ ਲਾਇਆ

ਬਾਬਾ ਪਿੱਪਲ ਦਾਸ ਜੀ ਨੇ ਨਾਮ ਦਾ ਪਿੱਪਲ ਲਾਇਆ,
ਜਿਸਦੀ ਮਹਿਕ ਨੇ ਕੁਲ ਆਲਮ ਰੁਸ਼ਨਾਇਆ।

ਗਿੱਲ-ਪੱਤੀ ਵਿਚ ਆਗਮਨ ਹੋਇਆ ਬੱਲਾਂ ਡੇਰੇ ਲਾਏ,
ਹਰਿ ਦਾ ਸਿਮਰਨ ਕਰਕੇ ਪਿੰਡ ਬੱਲਾਂ ਨੂੰ ਭਾਗ ਲਾਏ।
ਜਗਤਗੁਰੂ ਰਵਿਦਾਸ ਜੀ ਦੇ ਮਿਸ਼ਨ ਨੂੰ ਦੁਨੀਆਂ ਵਿਚ ਫੈਲਾਇਆ,
ਬਾਬਾ ਪਿੱਪਲ ਦਾਸ ਜੀ ਨੇ ਨਾਮ ਦਾ ਪਿੱਪਲ ਲਾਇਆ।

ਵਿਦਿਆ ਪੜ੍ਹਨ ਸੰਤਾਂ ਦੀ ਸੰਗਤ ਨਾਲ ਜੋੜਦੇ,
ਭੁੱਲੀ-ਭਟਕੀ ਮਾਨਵਤਾ ਨੂੰ ਸੱਚ ਦੇ ਨਾਲ ਜੋੜਦੇ।
ਗਿਆਨ ਦੇ ਪ੍ਰਕਾਸ਼ ਨਾਲ ਅਗਿਆਨ ਨੂੰ ਮਿਟਾਇਆ,
ਬਾਬਾ ਪਿੱਪਲ ਦਾਸ ਜੀ ਨੇ ਨਾਮ ਦਾ ਪਿੱਪਲ ਲਾਇਆ।

ਸਤਿਗੁਰੂ ਸਰਵਣ ਦਾਸ ਜੀ ਨੇ ਰਵਿਦਾਸੀਆਂ ਦੀ ਪਹਿਚਾਣ ਬਣਾਈ,
ਸੰਤ ਸਮਾਜ ਨੇ ਰਵਿਦਾਸੀਆ ਧਰਮ ਦੀ ਲਹਿਰ ਚਲਾਈ।
ਰਵਦਾਸੀਆ ਧਰਮ ਪੂਰੀ ਦੁਨੀਆਂ ਵਿਚ ਛਾਇਆ,
ਬਾਬਾ ਪਿੱਪਲ ਦਾਸ ਜੀ ਨੇ ਨਾਮ ਦਾ ਪਿੱਪਲ ਲਾਇਆ।

ਬਰਸੀ ਸਮਾਗਮ ਹਰ ਸਾਲ ਸ਼ਰਧਾ ਨਾਲ ਮਨਾਉਂਦੇ,
ਹਰਿ ਦੇ ਨਿਸ਼ਾਨ ਸਾਹਿਬ ਡੇਰੇ ਵਿਚ ਝੁਲਾਉਂਦੇ।
ਬਾਬਾ ਜੀ ਦੇ ਚਰਨਾਂ ਵਿਚ 'ਬਾਵੇ' ਸ਼ਰਧਾ ਨਾਲ ਸੀਸ ਝੁਕਾਇਆ,
ਬਾਬਾ ਪਿੱਪਲ ਦਾਸ ਜੀ ਨੇ ਨਾਮ ਦਾ ਪਿੱਪਲ ਲਾਇਆ।

# ਧੰਨ ਗੁਰੂ ਸਰਵਣ ਦਾਸ ਜੀ

ਧੰਨ ਗੁਰੂ ਸਰਵਣ ਦਾਸ ਜੀ,ਪਿੰਡ ਬੱਲਾਂ ਸੱਚ ਖੰਡ ਬਣਾ ਤਾ,
ਜਗਤ ਗੁਰੂ ਰਵਿਦਾਸ ਦਾ,ਸਾਰੇ ਜਗ ਵਿਚ ਮਿਸ਼ਨ ਫੈਲਾ ਤਾ।

ਗਿੱਲਪੱਤੀ ਬਾਬਾ ਪਿੱਪਲ ਦਾਸ ਜੀ ਮਾਤਾ ਸੋਭਾਵੰਤੀ ਘਰ ਜਾਏ ਨੇ।
ਧਰਤੀ ਬੱਲਾਂ ਦੀ ਤਪ ਕਰਕੇ ਭਾਗ ਸੁੱਤੀ ਹੋਈ ਕੌਮ ਦੇ ਜਗਾਏ ਨੇ,
ਨਸ਼ਿਆ ਦਾ ਕਰਕੇ ਤਿਆਗ ਜੀ,ਪੜ੍ਹੋ ਵਿਦਿਆ ਇਹ ਪਾਠ ਪੜਾਤਾ
ਜਗਤ ਗੁਰੂ ਰਵਿਦਾਸ ਦਾ,ਸਾਰੇ ਜਗ ਵਿਚ ਮਿਸ਼ਨ ਫੈਲਾ ਤਾ।

ਡੇਰੇ ਨੂੰ ਲਿਖਾ ਕੇ ਰਵਿਦਾਸੀਆ ਸੰਨ 64 ਵਿਚ ਸ਼ਾਨ ਵਧਾਈ ਜੀ,
ਦਿੱਬ-ਦ੍ਰਿਸ਼ਟੀ ਨਾਲ ਖੋਜ ਕਰਕੇ,ਕਾਂਸ਼ੀ ਮੰਦਰ ਦੀ ਨੀਂਹ ਰਖਵਾਈ ਜੀ
ਵਰਲਡ ਲੈਵਲ ਤੇ ਕੱਠੇ ਹੋਣ ਦਾ ਸਭ ਸੰਗਤਾਂ ਨੂੰ ਰਸਤਾ ਦਿਖਾ ਤਾ
ਜਗਤ ਗੁਰੂ ਰਵਿਦਾਸ ਦਾ,ਸਾਰੇ ਜਗ ਵਿਚ ਮਿਸ਼ਨ ਫੈਲਾ ਤਾ।

ਕੌਮ ਦੀ ਤਰੱਕੀ ਭਲਾ ਸਭ ਦਾ,ਹਰ ਵੇਲੇ ਅਰਦਾਸ ਕਰਦੇ,
ਸਭ ਸੰਗਤਾਂ ਦੀਆਂ ਝੋਲੀਆਂ,ਹਰਿ ਜੀ ਨਾਮ ਨਾਲ ਭਰਦੇ,
ਗੁਰੂ ਜੀ ਦੀ ਅੰਮ੍ਰਿਤਬਾਣੀ ਨੇ,ਸਮਾਜ ਬੰਧਨਾ ਤੋ ਮੁਕਤ ਕਰਾ ਤਾ
ਜਗਤ ਗੁਰੂ ਰਵਿਦਾਸ ਦਾ,ਸਾਰੇ ਜਗ ਵਿਚ ਮਿਸ਼ਨ ਫੈਲਾ ਤਾ।

ਸੰਤ ਹਰੀ ਦਾਸ ਗਰੀਬ ਦਾਸ ਜੀ ਮਿਸ਼ਨ ਵਧਾਇਆ ਏ
ਰਾਮਾਨੰਦ ਦਿੱਤੀਆ ਸ਼ਹਾਦਤਾਂ ਅਮਰ ਸ਼ਹੀਦ ਕਹਾਇਆ ਏ
ਬਾਵੇ ਫਿਰ ਸੰਤ ਸਮਾਜ ਨੇ ਨਵਾਂ ਧਰਮ ਰਵਿਦਾਸੀਆ ਸਜਾ ਤਾ
ਜਗਤ ਗੁਰੂ ਰਵਿਦਾਸ ਦਾ,ਸਾਰੇ ਜਗ ਵਿਚ ਮਿਸ਼ਨ ਫੈਲਾ ਤਾ।

# ਸਤਿਗੁਰੂ ਸਰਵਣ ਦਾਸ ਜੀ

ਸਤਿਗੁਰੂ ਸਰਵਣ ਦਾਸ ਜੀ ਨੇ ਹਰਿ ਹਰਿ ਦਾ ਨਾਮ ਜਪਾਇਆ ਏ,
ਸਾਰੀਆਂ ਸੰਗਤਾਂ ਨੂੰ ਜਗਤਗੁਰੂ ਰਵਿਦਾਸ ਜੀ ਦੇ ਚਰਨੀ ਲਗਾਇਆ ਏ।

ਪਿਤਾ ਪਿੱਪਲ ਦਾਸ ਜੀ ਮਾਤਾ ਸ਼ੋਭਾਵੰਤੀ ਜੀ ਦੇ ਘਰ 'ਚ ਅਗਮਾਨ ਹੋਇਆ,
ਨਗਰ ਗਿੱਲ ਪੱਤੀ ਬਠਿੰਡਾ ਵਿਖੇ ਸਤਿਗੁਰੂ ਦਾ ਚਾਨਣ ਹੋਇਆ,
ਸਤਿਗੁਰੂ ਜੀ ਨੇ ਸੰਗਤਾਂ ਨੂੰ ਸੱਚ ਦਾ ਰਾਹ ਦਿਖਾਇਆ ਏ,
ਸਾਰੀਆ ਸੰਗਤਾਂ ਨੂੰ ਜਗਤਗੁਰੂ ਰਵਿਦਾਸ ਜੀ ਦੇ ਚਰਨੀ ਲਗਾਇਆ ਏ।

ਬੱਲਾਂ ਦੀ ਪਾਵਨ ਧਰਤੀ ਤੇ ਸਤਿਗੁਰੂ ਨੇ ਤੱਪ ਕੀਤਾ,
ਇਸ ਨਗਰ ਦੀ ਸ਼ੋਭਾ ਨੂੰ ਸੰਸਾਰ ਵਿੱਚ ਪ੍ਰਗਟ ਕੀਤਾ,
ਤਾਇਓ ਤਾ ਅੱਜ ਰਹਿਬਰਾਂ ਦਾ ਨਾਮ ਜੱਗ ਚ ਰੁਸ਼ਨਾਇਆ ਏ ,
ਸ਼ਾਰੀਆ ਸੰਗਤਾਂ ਨੂੰ ਜਗਤਗੁਰੂ ਰਵਿਦਾਸ ਜੀ ਦੇ ਚਰਨੀ ਲਗਾਇਆ ਏ।

ਦਿਬ ਦ੍ਰਿਸ਼ਟੀ ਰਾਹੀ ਸ਼੍ਰੀ ਗੁਰੂ ਰਵਿਦਾਸ ਮੰਦਰ ਦੀ ਖੋਜ ਕਰਵਾਈ,
ਸੰਤ ਹਰੀ ਦਾਸ ਜੀ ਪਾਸੋ ਹਾੜ ਦੀ ਸੰਗਰਾਂਦ ਨੂੰ ਨੀਹ ਰਖਵਾਈ.,
ਸੰਤ ਗਰੀਬ ਦਾਸ ਜੀ ਤੋ ਇਸ ਕੰਮ ਸੰਪੂਰਨ ਕਰਾਇਆ ਏ,
ਸਾਰੀਆ ਸੰਗਤਾਂ ਨੂੰ ਜਗਤਗੁਰੂ ਰਵਿਦਾਸ ਜੀ ਦੇ ਚਰਨੀ ਲਗਾਇਆ ਏ।

ਇਸ ਤੀਰਥ ਅਸਥਾਨ ਤੋਂ ਰਵਿਦਾਸੀਆ ਧਰਮ ਦਾ ਐਲਾਨ ਹੋਇਆ ਏ,
ਰਵਿਦਾਸੀਆ ਕੌਮ ਨੂੰ ਸਾਰੇ ਸੰਸਾਰ ਵਿੱਚ ਰੁਤਬਾ ਪ੍ਰਪਤ ਹੋਇਆ ਏ,
ਤਾਹੀਓ ਅੰਮ੍ਰਿਤਬਾਣੀ ਨੂੰ ਸਾਰੇ ਜੱਗ ਨੇ ਮਨ ਵਿੱਚ ਵਸਾਇਆ ਏ,
ਸਤਿਗੁਰੂ ਸਰਵਣ ਦਾਸ ਜੀ ਨੇ ਹਰਿ ਹਰਿ ਦਾ ਨਾਮ ਜਪਾਇਆ ਏ,
ਸਾਰੀਆ ਸੰਗਤਾਂ ਨੂੰ ਜਗਤਗੁਰੂ ਰਵਿਦਾਸ ਜੀ ਦੇ ਚਰਨੀ ਲਗਾਇਆ ਏ।,

# ਉਪਮਾ ਸੰਤ
# ਹਰੀ ਦਾਸ ਜੀ ਮਹਾਰਾਜ

ਸੰਤ ਹਰੀ ਦਾਸ ਜੀ ਨੇ ਅੰਦਰ ਹਰਿ ਦੀ ਜੋਤ ਜਗਾਈ,
ਬਾਬਾ ਪਿੱਪਲ ਦਾਸ ਜੀ ਪਾਸੋਂ ਨਾਮ ਦੀ ਦਾਤ ਪਾਈ।

ਸੰਤ ਹਰੀਦਾਸ ਜੀ ਦਾ ਗੜ੍ਹੇ ਵਿਚ ਆਗਮਨ ਹੋਇਆ,
ਬਾਬਾ ਪਿੱਪਲ ਦਾਸ ਜੀ ਪਾਸੋਂ ਨਾਮ ਦੀ ਦਾਤ ਨੂੰ ਪਾਇਆ,
ਸਤਿਗੁਰ ਸਰਵਣ ਦਾਸ ਜੀ ਦੀ ਸੇਵਾ ਪਾਈ,
ਸੰਤ ਹਰੀ ਦਾਸ ਜੀ ਨੇ ਅੰਦਰ ਹਰਿ ਦੀ ਜੋਤ ਜਗਾਈ।

ਸਰਵਣ ਦਾਸ ਗੁਰੂ ਜਗਤਗੁਰੂ ਰਵਿਦਾਸ ਮਿਸ਼ਨ ਚਲਾਇਆ,
ਸੰਤ ਹਰੀ ਦਾਸ ਜੀ ਪਾਸੋਂ ਜਨਮ ਅਸਥਾਨ ਦਾ
ਨੀਂਹ ਪੱਥਰ ਰਖਵਾਇਆ,
ਸੰਤ ਗਰੀਬ ਦਾਸ ਜੀ ਨੇ ਰਹਿਮਤ ਉਹਨਾਂ ਤੋਂ ਪਾਈ,
ਸੰਤ ਹਰੀ ਦਾਸ ਜੀ ਨੇ ਅੰਦਰ ਹਰਿ ਦੀ ਜੋਤ ਜਗਾਈ।

ਸੰਤ ਰਾਮਾਨੰਦ ਜੀ ਨੇ ਅਮਰ ਸ਼ਹਾਦਤ ਪਾਈ,
ਸੁੱਤੀ ਹੋਈ ਕੋਮ ਦੀ ਦੁਨਿਆਂ 'ਚ ਅਣਖ ਜਗਾਈ,
ਰਵਿਦਾਸੀਆ ਕੋਮ ਨੇ ਪਹਿਚਾਣ ਏ ਪਾਈ,
ਸੰਤ ਹਰੀ ਦਾਸ ਜੀ ਨੇ ਅੰਦਰ ਹਰਿ ਦੀ ਜੋਤ ਜਗਾਈ।

ਸਤਿਗੁਰ ਦੀ ਕ੍ਰਿਪਾ ਨਾਲ ਧਰਮ ਦਾ ਐਲਾਨ ਹੋਇਆ,
ਰਵਿਦਾਸੀਆ ਕੋਮ ਦਾ ਵਿਸ਼ਵ ਵਿਚ ਪੂਰਾ ਸਨਮਾਨ ਹੋਇਆ,
ਸੰਤ ਹਰੀਦਾਸ ਜੀ ਪਾਸੋਂ ਬਾਵੇ ਭੇਖ ਦੀ ਦਾਤ ਪਾਈ,
ਸੰਤ ਹਰੀ ਦਾਸ ਜੀ ਨੇ ਅੰਦਰ ਹਰਿ ਦੀ ਜੋਤ ਜਗਾਈ।

# ਸੰਤ ਗਰੀਬ ਦਾਸ ਜੀ

ਸੰਤ ਗਰੀਬ ਦਾਸ ਜੀ ਨੇ ਪਰ ਉਪਕਾਰ ਕਮਾਏ,
ਸਤਿਗੁਰੂ ਸਰਵਣ ਦਾਸ ਜੀ ਦੇ ਬਚਨਾਂ ਤੇ ਫੁੱਲ ਚੜ੍ਹਾਏ।,

ਬਾਲ ਅਵਸਥਾ ਵਿਚ ਸੰਤ ਗਰੀਬ ਦਾਸ ਜੀ
ਡੇਰੇ ਵਿੱਚ ਆਇਆ ਕਰਦੇ ,
ਸ਼ਰਧਾ ਅਤੇ ਪ੍ਰੇਮ ਨਾਲ
ਸਤਿਗੁਰੂ ਸਰਵਣ ਦਾਸ ਜੀ ਦੀ ਸੇਵਾ ਕਰਦੇ ,
ਸਤਿਗੁਰੂ ਜੀ ਕ੍ਰਿਪਾ ਕਰਕੇ
ਗਰੀਬ ਦਾਸ ਜੀ ਤੋਂ ਗਰੀਬ ਨਿਵਾਜ ਬਣਾਏ ,
ਸੰਤ ਗਰੀਬ ਦਾਸ ਜੀ ਨੇ ਪਰ ...........................।

ਸਤਿਗੁਰੂ ਸਰਵਣ ਦਾਸ ਜੀ ਦੇ ਬਚਨਾਂ ਨੂੰ ਹਿਰਦੇ ਚ ਵਸਾਇਆ ,
ਜਨਮ ਅਸਥਾਨ ਦੀ ਉਸਾਰੀ ਕਰਕੇ ਸਵਰਨ ਕਲਸ਼ ਸਜਾਇਆ ,
ਜਗਤਗੁਰੂ ਰਵਿਦਾਸ ਦੇ ਮਿਸ਼ਨ ਨੂੰ ਵਿਦੇਸ਼ਾ ਵਿੱਚ ਪਹੁੰਚਾਏ,
ਸੰਤ ਗਰੀਬ ਦਾਸ ਜੀ ਨੇ ਪਰ ...........................।

ਹਸਪਤਾਲ ,ਗੇਟ ਅਤੇ ਕੌਮੀ ਅਖਵਾਰ ਚਲਾਇਆ ,
ਹਰਿ ਹਰਿ ਨਾਮ ਜਪਾ ਕੇ ਸੰਗਤ ਨੂੰ ਭਵਸਾਗਰ ਪਾਰ ਕਰਾਇਆ ,
ਰਵਿਦਾਸੀ ਆ ਕੌਮ ਦੇ ਭਲੇ ਲਈ ਅਨੇਕਾਂ ਕਾਰਜ ਰਚਾਏ,
ਸੰਤ ਗਰੀਬ ਦਾਸ ਜੀ ਨੇ ਪਰ ...........................।

ਘੱਟ ਬੋਲਦੇ ਸਿਮਰਨ ਕਰਦੇ ਅਟੱਲ ਬਚਨ ਉਚਾਰਦੇ,
ਪ੍ਰੇਮ ਦਿਆਂ ਬਚਨਾਂ ਨਾਲ ਸੰਗਤਾਂ ਦੇ ਹਿਰਦੇ ਠਾਰਦੇ,
ਆਪਣੇ ਫਰਜ ਨਿਭਾ ਕਾ ਬੇਗਮਪੁਰੇ ਨੂੰ ਚਾਲੇ ਪਾਏ,
ਸੰਤ ਗਰੀਬ ਦਾਸ ਜੀ ਨੇ ਪਰ ...........................।

**ਸੰਤ ਸੁਰਿੰਦਰ ਦਾਸ ਬਾਵਾ ਜੀ**
**(ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ)**

# ਸੰਤ ਸੁਰਿੰਦਰ ਦਾਸ ਬਾਵਾ ਜੀ ਵੱਲੋਂ ਰਵਿਦਾਸੀਆ ਧਰਮ ਹਿੱਤ ਕੀਤੇ ਜਾ ਰਹੇ ਉਪਰਾਲੇ ਵੱਖ-ਵੱਖ ਅਖਬਾਰਾਂ ਦੀ ਜ਼ੁਬਾਨੀ:-



## ਸੁੱਚੀ ਪਿੰਡ ਤੋਂ ਰਵਿਦਾਸੀਆ ਧਰਮ ਪ੍ਰਚਾਰ ਚੇਤਨਾ ਸ਼ੋਭਾ ਯਾਤਰਾ ਸਜਾਈ

- ਚੇਤਨਾ ਯਾਤਰਾ 'ਚ ਸੰਗਤਾਂ ਨੇ ਭਾਰੀ ਗਿਣਤੀ 'ਚ ਭਰੀ ਹਾਜ਼ਰੀ



**ਸਤਿਗੁਰੂ ਸਰਵਣ ਦਾਸ ਲਾਈਬ੍ਰੇਰੀ ਦਾ ਉਦਘਾਟਨ ਕਰਦੇ ਹੋਏ ਸੰਤ ਬੀਬੀ ਕ੍ਰਿਸ਼ਨਾ ਦੇਵੀ ਜੀ**

## ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ ਵਿਖੇ 'ਹਰਿ' ਦੇ ਨਿਸ਼ਾਨ ਸਾਹਿਬ ਝੁਲਾਏ ਗਏ



ਜਗ ਬਾਣੀ Wed, 26 August 2015
jagbani.epapr.in/c/6329963

## ਯੂਰਪ 'ਚ ਰਵਿਦਾਸੀਆ ਧਰਮ ਦਾ ਪ੍ਰਚਾਰ ਕਰਕੇ ਵਤਨ ਪਰਤੇ ਸੰਤ ਸੁਰਿੰਦਰ ਦਾਸ ਬਾਵਾ ਜੀ ਦਾ ਕਾਹਨਪੁਰ ਵਿਖੇ ਨਿੱਘਾ ਸਵਾਗਤ



ਜਗ ਬਾਣੀ Wed, 15 July 2015
jagbani.epapr.in/c/5891383



**ਜਗਤ ਗੁਰੂ ਰਵਿਦਾਸ ਸੰਗਤ ਅਕੈਡਮੀ ਵਿਖੇ ਕੀਰਤਨ ਸਿਖਦੇ ਬੱਚੇ**

# ਸਤਿਸੰਗ ਰਾਹੀਂ ਇਨਸਾਨ ਨੂੰ ਆਤਮਿਕ ਗਿਆਨ ਦੀ ਪ੍ਰਾਪਤੀ ਹੁੰਦੀ ਹੈ : ਸੰਤ ਸੁਰਿੰਦਰ ਦਾਸ ਬਾਵਾ

ਜਲੰਧਰ, 18 ਨਵੰਬਰ (ਬਰਿਆਣਾ)– ਸਤਿਸੰਗ ਰਾਹੀਂ ਇਨਸਾਨ ਨੂੰ ਆਤਮਿਕ ਗਿਆਨ ਦੀ ਪ੍ਰਾਪਤੀ ਹੁੰਦੀ ਹੈ, ਜੋ ਇਨਸਾਨ ਨੂੰ ਸੁੱਖਾਂ ਨਾਲ ਭਰਪੂਰ ਕਰ ਦਿੰਦੀ ਹੈ। ਇਹ ਵਿਚਾਰ ਪਿੰਡ ਕਾਹਨਪੁਰ 'ਚ ਸਥਿਤ ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਵਿਖੇ ਸੰਗਰਾਂਦ ਮੌਕੇ ਕੀਤੇ ਸਮਾਗਮ ਦੌਰਾਨ ਸ੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਕਹੇ। ਉਨ੍ਹਾਂ ਨੇ ਕਿਹਾ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਅਨੁਸਾਰ ਜੀਵਨ ਬਤੀਤ ਕਰਨ ਵਾਲਿਆਂ ਦਾ ਜੀਵਨ ਸਦਾ ਖੁਸ਼ੀਆਂ ਨਾਲ ਭਰਿਆ ਰਹਿੰਦਾ ਹੈ। ਹਰ ਮਾਂ-ਬਾਪ ਦਾ ਫਰਜ਼ ਬਣਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਖੂਬ ਪੜ੍ਹਾਉਣ, ਚੰਗੇ ਨਾਗਰਿਕ ਬਣਾਉਣ ਤਾਂ ਜੋ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਜੀ ਦੀ ਸੋਚ ਨੂੰ ਬੂਰ ਪੈ ਸਕੇ ਅਤੇ ਸਮਾਜ ਹਰ ਪੱਖੋਂ ਖੁਸ਼ਹਾਲ ਹੋ ਸਕੇ।

ਇਸ ਮੌਕੇ ਸ੍ਰੀ ਅੰਮ੍ਰਿਤ ਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਜਾਪ ਕਰਵਾਏ ਗਏ। ਇਸ ਮੌਕੇ ਮਿਸ਼ਨਰੀ ਗਾਇਕ ਜੀਵਨ ਸੋਹਲ ਨੇ ਧਾਰਮਿਕ ਗੀਤਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਸਰਪੰਚ ਮਥਰਾ ਦਾਸ, ਰਜਿੰਦਰ ਰਾਣਾ, ਗੁਰਮੇਲ ਵਿਰਦੀ, ਸੁਭਾਸ਼ ਵਿਰਦੀ, ਪ੍ਰਿੰਸੀਪਲ ਧਰਮਜੀਤ ਜੱਸਲ, ਰਾਜ ਰਾਣੀ, ਰਜਿੰਦਰ ਬੰਗੜ, ਵਿਜੇ ਬੰਧਣ, ਨਿਰਮਲ ਸਿੰਘ ਰਾਮ ਨਗਰ, ਰੇਸ਼ਮਾ ਵਿਰਦੀ, ਸੋਹਨ ਲਾਲ ਜੱਸੀ, ਪਰਸ਼ੋਤਮ ਦਾਦਰਾ, ਲਖਬੀਰ ਬੱਲ, ਮਨੋਹਰ ਲਾਲ ਬੱਲ, ਚਰਨਜੀਤ ਬੰਧਣ, ਮਾ. ਸੁਖਵਿੰਦਰ, ਸਰੀਨ ਬੌਂਤਰਾ ਆਦਿ ਹਾਜ਼ਰ ਸਨ।



ਸਮਾਗਮ ਦੌਰਾਨ ਪ੍ਰਵਚਨ ਕਰਦੇ ਹੋਏ 108 ਸੰਤ ਸੁਰਿੰਦਰ ਦਾਸ ਬਾਵਾ ਜੀ ਤੇ ਹਾਜ਼ਰੀਨ।

ਜਗ ਬਾਣੀ Thu, 19 November 2015
jagbani.epapr.in/c/7270561

# ਅਗਿਆਨਤਾ ਦੂਰ ਕੀਤੇ ਬਿਨਾਂ ਸਮਾਜਿਕ ਪ੍ਰਗਤੀ ਅਸੰਭਵ : ਸੰਤ ਸੁਰਿੰਦਰ ਦਾਸ ਬਾਵਾ





ਪ੍ਰਵਚਨ ਕਰਦੇ ਹੋਏ ਸ੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਅਤੇ ਹਾਜ਼ਰ ਸੰਗਤਾਂ। ਵਰਿਆਣਾ

ਜਲੰਧਰ, 16 ਦਸੰਬਰ (ਵਰਿਆਣਾ)- ਗਿਆਨ ਸਭ ਲਈ ਜ਼ਰੂਰੀ ਹੈ ਕਿਉਂਕਿ ਅਗਿਆਨਤਾ ਦੂਰ ਕੀਤੇ ਬਿਨਾਂ ਸਮਾਜਿਕ ਪ੍ਰਗਤੀ ਅਸੰਭਵ ਹੈ। ਇਹ ਪ੍ਰਵਚਨ ਸ੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਰਵਿਦਾਸੀਆ ਪ੍ਰਚਾਰ ਅਸਥਾਨ ਕਾਹਨਪੁਰ (ਜਲੰਧਰ) ਵਿਖੇ ਸੰਗਰਾਂਦ ਦੇ ਪਵਿੱਤਰ ਦਿਹਾੜੇ 'ਤੇ ਸੰਗਤਾਂ ਨੂੰ ਕਹੇ। ਉਨ੍ਹਾਂ ਕਿਹਾ ਕਿ ਵਿਦਿਆ ਦਾ ਪ੍ਰਚਾਰ ਜ਼ਰੂਰੀ ਹੈ। ਇਸ ਲਈ ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਅਸੀਂ ਬਿਨਾਂ ਕਿਸੇ ਭੇਦਭਾਵ ਦੇ ਗਰੀਬ, ਲੋੜਵੰਦ ਤੇ ਬੇਸਹਾਰਾ ਬੱਚਿਆਂ ਦੀ ਪੜ੍ਹਾਈ ਪੱਖੋਂ ਹਰ ਤਰ੍ਹਾਂ ਨਾਲ ਮਦਦ ਕਰੀਏ ਤਾਂ ਜੋ ਸਾਡਾ ਸਮਾਜ ਹਰ ਪੱਖੋਂ ਖੁਸ਼ਹਾਲ ਹੋ ਸਕੇ। ਸਮਾਗਮ ਦੀ ਆਰੰਭਤਾ ਅੰਮ੍ਰਿਤ ਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਜਾਪ ਨਾਲ ਕੀਤੀ ਗਈ। ਇਸ ਮੌਕੇ ਗਾਇਕ ਧੰਨਪਤ ਰਾਏ, ਬੰਗੜ ਬ੍ਰਦਰਜ਼, ਦੇਵ ਰਾਜ, ਸਰਪੰਚ ਐਮ. ਡੀ. ਮੰਗਾ, ਕਾਂਸ਼ੀ ਰਾਮ ਕਲੇਰ, ਰਾਜਿੰਦਰ ਰਾਣਾ, ਚਰਨਜੀਤ ਬੱਧਣ, ਕੰਵਲ ਕ੍ਰਿਸ਼ਨ ਮੰਨਣਾ, ਸੁਭਾਸ਼ ਵਿਰਦੀ, ਗੁਰਮੇਲ ਵਿਰਦੀ, ਵਿਪਨ ਕੁਮਾਰ, ਜੰਗੀ ਦੋਲੀਕੇ, ਬਲਦੇਵ ਰਾਜ ਆਦਿ ਹਾਜ਼ਰ ਸਨ।

ਜਗ ਬਾਣੀ Thu, 17 December 2015
jagbani.epapr.in/c/7677607

# ਧਾਰਮਿਕ ਗੁਣਾਂ ਨੂੰ ਗ੍ਰਹਿਣ ਕਰਕੇ ਹੀ ਸਿਹਤਮੰਦ ਸਮਾਜ ਦੀ ਸਿਰਜਣਾ ਹੁੰਦੀ ਹੈ : ਸੰਤ ਸੁਰਿੰਦਰ ਦਾਸ ਬਾਵਾ ਜੀ



ਧਾਰਮਿਕ ਸਮਾਗਮ ਦੌਰਾਨ ਸੰਗਤਾਂ ਨਾਲ 108 ਸ੍ਰੀ ਸੁਰਿੰਦਰ ਦਾਸ ਬਾਵਾ ਜੀ। (ਵਰਿਆਣਾ)

ਜਲੰਧਰ, 12 ਅਕਤੂਬਰ (ਵਰਿਆਣਾ)- ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ ਵਿਖੇ ਰਵਿਦਾਸੀਆ ਧਰਮ ਦੇ ਪ੍ਰਚਾਰ ਹਿੱਤ ਸੰਤ ਸੁਰਿੰਦਰਦਾਸ ਬਾਵਾ ਜੀ ਦੀ ਦੇਖ-ਰੇਖ ਹੇਠ ਧਾਰਮਿਕ ਦੀਵਾਨ ਸਜਾਏ ਗਏ। ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਦੇ ਜਾਪ ਕਰਨ ਉਪਰੰਤ ਜੀਵਨ ਸੋਹਲ, ਸੁਖਵਿੰਦਰ ਕੁਮਾਰ ਅਤੇ ਜੰਗੀ ਦੋਲੀਕੇ ਆਦਿ ਮਿਸ਼ਨਰੀ ਕਲਾਕਾਰਾਂ ਨੇ ਆਪਣੇ ਕੀਰਤਨ ਰਾਹੀਂ ਸੰਗਤਾਂ ਨੂੰ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੀ ਬਾਣੀ ਨਾਲ ਜੋੜਿਆ। ਆਪਣੇ ਪ੍ਰਵਚਨਾਂ ਰਾਹੀਂ 108 ਸੰਤ ਸੁਰਿੰਦਰ ਦਾਸ ਮਹਾਰਾਜ ਨੇ ਕਿਹਾ ਕਿ ਸਮਾਜਿਕ ਪ੍ਰਾਣੀ ਨੂੰ ਆਪਣੇ ਅੰਦਰ ਧਾਰਮਿਕ ਗੁਣ ਗ੍ਰਹਿਣ ਕਰਨੇ ਚਾਹੀਦੇ ਹਨ ਕਿਉਂਕਿ ਧਾਰਮਿਕ ਗੁਣ ਗ੍ਰਹਿਣ ਕਰਨ ਨਾਲ ਮਨੁੱਖ ਦੀ ਧਰਤੀ ਪਵਿੱਤਰ ਹੁੰਦੀ ਹੈ, ਜਿਸ ਨਾਲ ਲੋਕ ਆਪਸੀ ਭੇਦਭਾਵ ਤੋਂ ਉਪਰ ਉਠ ਕੇ ਸਿਹਤਮੰਦ ਅਤੇ ਅਗਾਂਹਵਧੂ ਸਮਾਜ ਦੀ ਸਿਰਜਣਾ ਕਰਦੇ ਹਨ। ਉਨ੍ਹਾਂ ਕਿਹਾ ਕਿ ਰਵਿਦਾਸੀਆ ਧਰਮ ਵਿਚ ਨਫਰਤ ਅਤੇ ਵੈਰ ਵਿਰੋਧ ਨੂੰ ਕੋਈ ਥਾਂ ਨਹੀਂ ਹੈ ਅਤੇ ਰਵਿਦਾਸੀਆ ਧਰਮ ਸਭਨਾਂ ਧਰਮਾਂ ਦਾ ਸਤਿਕਾਰ ਕਰਦਾ ਹੈ। ਸ੍ਰੀ ਗੁਰੂ ਰਵਿਦਾਸ ਜੀ ਦਾ ਮਿਸ਼ਨ ਸੰਗਤਾਂ ਨੂੰ ਸ਼ਹਿਦ ਦੀਆਂ ਮੱਖੀਆਂ ਵਾਂਗ ਇਕੱਠੇ ਰਹਿਣ ਦਾ ਉਪਦੇਸ਼ ਦਿੰਦਾ ਹੈ।

ਬਾਵਾ ਜੀ ਤੋਂ ਇਲਾਵਾ ਸੰਤ ਹਰਵਿੰਦਰ ਦਾਸ ਆਦਮਪੁਰ ਵਾਲਿਆਂ ਨੇ ਵੀ ਸੰਗਤਾਂ ਨੂੰ ਗੁਰੂ ਰਵਿਦਾਸ ਜੀ ਦੀ ਬਾਣੀ ਨਾਲ ਜੋੜਿਆ। ਅੱਜ ਦੇ ਇਸ ਮੌਕੇ 'ਤੇ 'ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ' (ਸਟੀਕ) ਵੀ ਰਿਲੀਜ਼ ਕੀਤੀ ਗਈ। ਇਸ ਮੌਕੇ 'ਤੇ ਮਾਮ ਚੰਦ ਚੇਅਰਮੈਨ ਗੁਰੂ ਰਵਿਦਾਸ ਪ੍ਰਚਾਰ ਸਭਾ ਚੰਡੀਗੜ੍ਹ, ਸੰਜੀਵ ਕੁਮਾਰ ਜਰਮਨ, ਕੈਪਟਨ ਦਵਿੰਦਰ ਸਿੰਘ, ਸ. ਨਿਰਮਲ ਸਿੰਘ ਰਾਮ ਨਗਰ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।

ਜਗ ਬਾਣੀ Tue, 13 October 2015
jagbani.epapr.in/c/6871206

# एथेंस ग्रीस में श्री 108 संत सुरिंद्र दास (बावा जी) ने किया सत्संग





ग्रीस में सत्संग करते श्री 108 संत सुरिंद्र दास (बावा जी) व (दाएं) उपस्थित संगत।

अलावलपुर, 20 अक्तूबर (विकास): गत रविवार को श्री गुरु रविदास दरबार करोपी एथेंस ग्रीस में भव्य सत्संग का आयोजन ग्रीस की संगत द्वारा किया गया जिसमें अमृतवाणी श्री गुरु रविदास जी के जाप भाई अमरजीत तथा बिल्ला जी ने किए जिसमें श्री 108 संत सुरिंद्र दास (बावा जी) का गुरु घर पहुंचने पर ग्रीस की संगत ने भव्य स्वागत किया। समागम में ग्रीस के विभिन्न इलाकों से संगत सत्संग में उपस्थित हुई। इस मौके कीर्तन सुभाष, लेखराज लमाड़ा, छिंदा रानीपुरिया, जसविंद रईया, गुलबहार तथा बिशारी गायक सरवन करोते ने किया। उपरांत रविदासिया धर्म के महान प्रचारक श्री 108 संत सुरिंद्र दास (बावा जी) ने रविदासिया धर्म, अमृतवाणी एवं जगतगुरु रविदास जी महाराज, सतगुरु सरवण दास जी के क्रांतिकारी, समाजवादी एवं आध्यात्मिक उपदेशों के बारे में संगत को बताया। उन्होंने बच्चों को पढ़ाई करने एवं नशों से दूर रहने की प्रेरणा दी तथा संगत की संगत में बैठकर हरि का सिमरन कर अपना अनमोल जीवन सफल करने का उपदेश दिया। इस मौके अवतार चंद सोढी, बब्बी, प्रधान मनिंदी, परमजीत, अशोक कुमार बद्धन, तरसेम लाल पप्पू, दिलबार, काला पंडियाला, चरणजीत, शिव राम, संजीव कुमार, अमरजीत मुकंदपुरी, दविंद्र कंग, जतिंद्र एवं अन्य गणमान्यों द्वारा सतगुरु रविदास जी (सटीक) तथा गुरु रविदास दीपा रहमत सी.डी. गायक जीवन मोहन का विमोचन किया गया। उपरांत गुरु का लंगर लगाया गया।

# ਡਾ. ਬੀ. ਆਰ. ਅੰਬੇਡਕਰ ਸਮੁੱਚੀ ਮਾਨਵਤਾ ਦੇ ਮਸੀਹਾ ਸਨ : 108 ਸੰਤ ਸੁਰਿੰਦਰ ਦਾਸ ਬਾਵਾ





ਸ੍ਰੀ 108 ਸੰਤ ਬਾਵਾ ਜੀ ਪ੍ਰਵਚਨ ਕਰਦੇ ਹੋਏ, ਹਾਜ਼ਰੀਨ ਸੰਗਤ। ਵਰਿਆਣਾ

ਜਲੰਧਰ, 11 ਦਸੰਬਰ (ਵਰਿਆਣਾ)– ਜਗਤ ਗੁਰੂ ਰਵਿਦਾਸ ਸੰਗੀਤ ਅਕੈਡਮੀ ਵਲੋਂ ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ ਵਿਖੇ ਡਾ. ਭੀਮ ਰਾਓ ਅੰਬੇਡਕਰ ਜੀ ਦੇ ਪ੍ਰੀ-ਨਿਰਵਾਣ ਦਿਵਸ ਦੇ ਸਬੰਧ 'ਚ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸ੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਕਿਹਾ ਕਿ ਡਾ. ਬੀ. ਆਰ ਅੰਬੇਡਕਰ ਜੀ ਸਮੁੱਚੀ ਮਾਨਵਤਾ ਦੇ ਮਸੀਹਾ ਸਨ। ਇਸ ਸਮਾਗਮ ਦੀ ਆਰੰਭਤਾ ਅੰਮ੍ਰਿਤ ਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਦੇ ਪਾਵਨ ਜਾਪਾਂ ਨਾਲ ਕੀਤੀ ਗਈ। ਇਸ ਮੌਕੇ ਮਿਸ਼ਨਰੀ ਗਾਇਕਾਂ ਵਲੋਂ ਸਤਿਗੁਰੂ ਰਵਿਦਾਸ ਮਹਿਮਾ ਅਤੇ ਡਾ. ਅੰਬੇਡਕਰ ਜੀ ਦੇ ਜੀਵਨ ਮਿਸ਼ਨ 'ਤੇ ਆਧਾਰਿਤ ਗੀਤ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਇਸ ਮੌਕੇ ਸਰਪੰਚ ਔਮ. ਡੀ. ਮੰਗਾ, ਰਜਿੰਦਰ ਰਾਣਾ, ਕਾਂਸ਼ੀ ਰਾਮ ਕਲੇਰ, ਵਿਜੇ ਬੱਧਣ (ਐਡਵੋਕੇਟ) ਮਨੋਹਰ ਲਾਲ ਬੱਲ, ਗੁਰਮੇਲ ਵਿਰਦੀ, ਅਮਰੀਕ ਸਿੰਘ ਜਗਰਾਵਾਂ, ਸਾਬੀ ਮੰਨਣ, ਚਰਨਜੀਤ ਬੱਧਣ, ਨਿਰਮਲ ਸਿੰਘ, ਰਾਮ ਸਾਗਰ, ਸੰਤ ਹਰਵਿੰਦਰ ਦਾਸ ਆਦਮਪੁਰ ਵਾਲੇ ਆਦਿ ਹਾਜ਼ਰ ਸਨ।

ਜਗ ਬਾਣੀ Sat, 12 December 2015
jagbani.epapr.in/c/7594148

# श्री 108 सुरिंदर दास बाबा जी का गोल्ड मैडल से सम्मान







श्री गुरु रविदास जी की हजूरी में मंच पर विराजमान संत सुरिंदर दास बाबा जी व अन्य संगत। (मध्य) उपस्थित संगत तथा (दाएं) कीर्तन करते कीर्तनी जत्थे। (विकास)

अलावलपुर, 31 दिसम्बर (विकास): रविदासिया धर्म प्रचार जन चेतना समागम प्रबंधक कमेटी अलावलपुर द्वारा इलाके की समूह श्री गुरु रविदास नाम लेवा संगत, महर्षि वाल्मीकि सभाएं, डा. अम्बेडकर मिशन सोसायटियों के सहयोग से पहला महान जन चेतना संत समागम स्थानीय मोहल्ला ठठ्ठी में करवाया गया। इस समागम में संत महापुरुषों ने श्री 108 संत सुरिंदर दास बाबा जी के संरक्षण में शोभायात्रा के रूप में पूरे अलावलपुर की परिक्रमा बैंड-बाजों तथा पुष्प वर्षा से की। शोभायात्रा के दौरान विभिन्न स्थानों पर चाय-पकौड़ों व मिठाइयों का लंगर लगाया गया। सद्भावना मंडल कमेटी की तरफ से संतों का विशेष स्वागत किया गया। समूह संतों ने प्रथम भगवान वाल्मीकि जी महाराज के प्राचीन मंदिर में माथा टेका। इसके बाद सुंदर पंडाल में अमृतवाणी श्री गुरु रविदास जी के पावन जाप करवाए गए। श्री 108 संत सुरिंदर दास बाबा जी संस्थापक रविदासिया धर्म प्रचार केंद्र काहनपुर, श्री 108 सुरिंदर दास बाबा जी संस्थापक रविदासिया धर्म प्रचार केंद्र काहनपुर, श्री 108 बीबी कृष्णा देवी जी खोथड़ां वाले, महंत केशव बंगा जी गढ़शंकर, श्री 108 संत मोहन दास जी, श्री 108 संत चमन प्रकाश जी पठानकोट, श्री 108 संत अवतार चंद जी चक्काली, श्री 108 संत सतनाम सिंह जी डीगरियां, संत हरविंदर दास जी, संत राम मूर्ति जी, संत धर्मानंद जी अलावलपुर ने अपने अमृत रूपी प्रवचनों द्वारा संगत को गुरु महाराज जी के चरणों से जोड़ा। मिशनरी कीर्तनी जत्थों में धनपत राम, बंगड़ ब्रदर्स, जीवन सोहल, पी.एस. बिल्ला, जसविंदर रहिया ने कीर्तन कर आई संगत को निहाल किया।

इस अवसर पर प्रबंधक कमेटी की तरफ से श्री 108 संत सुरिंदर दास बाबा जी को गोल्ड मैडल देकर सम्मानित किया गया तथा सभी संत महापुरुषों को सिरोपे देकर सम्मानित किया गया। मंच संचालन कांशी राम कलेर पूर्व सरपंच जंडूसिंघा ने निभाया। हाजिर संगत में सुखविंदर कोटली बसपा नेता, सतनाम कलसी [illegible] बसपा नेता, रजिंदर राणा, सरपंच एम.डी. मंगा, चरणजीत बद्धन, विजय बद्धन, सतीश कुमार, जंगी दौलीके, बलदेव राम, हरबिलास सिंह नंबरदार जगराओं, सोम नाथ [illegible] ब्यास पिंड, सोहन लाल जस्सी एम.सी., टाटला परिवार, परमजीत जस्सल, बलबीर रमदासपुर, प्रबंधक कमेटी के गगन कलसी, जनक राज, डा. बलदेव, राज कुमार, [illegible], दलबीर, परमजीत व अवतार लाल शामिल थे।

जालंधर सवेरा Fri, 01 January 2016
dainiksaveratimes.epapr.in/c/7898099

# संत सुरिन्द्र दास बाबा को यूरोप की संगतों द्वारा सफारी भेंट

## 'श्री गुरु रविदास मिशन प्रचार प्रसार प्रति पूरा जीवन अर्पित रहेगा'



यूरोप की संगतों द्वारा भेंट सफारी गाड़ी संत सुरिन्द्र दास बाबा को भेंट करते हुए संगत के साथ। (छाया : हुसन लाल)

किशनगढ़/काला बकरा, 1 जनवरी (हुसन लाल): संत सुरिन्द्र दास बाबा सतगुरु रविदास प्रचार अस्थान काहनपुर में एक समारोह के दौरान डेरे के संचालक संत सुरिन्द्र दास बाबा जी को नववर्ष की खुशी में यूरोप की संगतों द्वारा एक सफारी गाड़ी भेंट की गई। यूरोप की संगतों द्वारा संत सुरिन्द्र दास बाबा जी की रविदासिया धर्म और सतगुरु रविदास मिशन प्रचार प्रसार को समर्पित सेवाओं के रूप में सामान के तौर पर सम्मानित किया गया। इस मौके पर संत सुरिन्द्र दास बाबा जी द्वारा आई हुई संगतों को नए वर्ष की लाख-लाख बधाई दी। इस मौके पर अमृतवाणी सतगुरु रविदास जी के पावन जापों की अरदास के उपरांत सतगुरु रविदास जी की महिमा का गुणगान किया गया।

इस अवसर पर सेवामुक्त जज हुकम चंद एडवोकेट विजय रिटायर्ट सुपरिटैंडैंट रेशम लाल, सरपंच कांशी राम कलेर, सरपंच एम.डी. मंगा काहनपुर, गीतकार रजिन्द्र बंगड़, कौंसलर सोहन लाल जस्सी, मनोहर लाल, रणजीत साबी मनन, रजिन्द्र राणा, जंगी दौलीके, परमजीत पम्मा सुचीपिंड, गायक जीवन सोहल आदि विशेष रूप से उपस्थित थे। इस मौके पर संत सुरिन्द्र दास जी ने प्रवचन करते हुए कहा कि उनका सारा जीवन सतगुरु रविदास जी मिशन प्रचार प्रसार के लिए अर्पित रहेगा।

## ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਵਲੋਂ ਲਿਖਤ ਅਤੇ ਵੱਖ ਵੱਖ ਭਾਸ਼ਵਾਂ ਵਿਚ ਵੱਖ ਵੱਖ ਧਾਰਮਿਕ ਸੰਸਥਾਵਾਂ ਵਲੋਂ ਪ੍ਰਕਾਸ਼ਿਤ ਪੁਸਤਕਾਂ:-

### ਪੰਜਾਬੀ ਭਾਸ਼ਾ ਵਿਚ ਪ੍ਰਕਾਸ਼ਿਤ ਪੁਸਤਕਾਂ

- ਸ਼੍ਰੀ ਗੁਰੂ ਰਵਿਦਾਸ ਅੰਮ੍ਰਿਤਬਾਣੀ (ਸਟੀਕ ਅਤੇ ਸੰਖੇਪ ਜੀਵਨ)
- ਨਿਤਨੇਮ ਅੰਮ੍ਰਿਤਬਾਣੀ ਜਗਤਗੁਰੂ ਰਵਿਦਾਸ ਜੀ (ਸਟੀਕ)
- ਅੰਮ੍ਰਿਤਬਾਣੀ ਜਗਤਗੁਰੂ ਰਵਿਦਾਸ ਜੀ (ਸਟੀਕ)
- ਜਗਤਗੁਰੂ ਰਵਿਦਾਸ ਮਹਾਰਾਜ ਜੀ ਦਾ ਸੰਖੇਪ ਜੀਵਨ

### Books published in hindi

- Jagatguru Ravidass Amritbani(Steek ate Sankshipt jeevan Hindi and Marathi)
- Nitnem Amritbani Jagatguru Ravidass ji(Steek)
- Jagatguru Ravidass Maharaj ji ka Sankshipt jeevan
- Jagatguru Ravidass Maharaj ji ki kathaen in Hindi and Marathu
- Amritbani Jagatguru Ravidass Maharaj ji (Steek)

### Books published in English

- Amritbani Jagatguru Ravidass Maharaj ji (Steek)
- Amritbani Jagatguru Ravidass Maharaj ji 40 Pade (Steek)

### Books published in Dutch

- Amritbani Jagatguru Ravidass Maharaj ji (Steek)dutch